ISSN 0972-2335

# ਅੰਮ੍ਰਿਤ ਕੀਰਤਨ

ਜੂਨ 2021

ਪੰਜਿ ਪਿਆਲੇ ਪੰਜ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ ॥
ਅਰਜਨ ਕਾਇਆ ਪਲਟਿਕੈ ਮੂਰਤਿ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥
ਦਲ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ॥
ਪੁਛਨਿ ਸਿਖ ਅਰਦਾਸਿ ਕਰਿ ਛਿਅ ਮਹਲਾਂ ਤਕਿ ਦਰਸੁ ਨਿਹਾਰੀ ॥
ਅਗਮ ਅਗੋਚਰ ਸਤਿਗੁਰੂ ਬੋਲੇ ਮੁਖ ਤੇ ਸੁਣਹੁ ਸੰਸਾਰੀ ॥
ਕਲਿਜੁਗਿ ਪੀੜ੍ਹੀ ਸੋਢੀਆਂ ਨਿਹਚਲ ਨੀਵ ਉਸਾਰਿ ਖਲ੍ਹਾਰੀ ॥
ਜੁਗਿ ਜੁਗਿ ਸਤਿਗੁਰ ਧਰੇ ਅਵਤਾਰੀ ॥੪੮॥




www.shastarvidiya.org

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਵੀਰਵਾਰ

ਵੀਰਵਾਰ ਚੜ੍ਹਿਆ ਵੀਰ ਮਿਲ ਬੈਠੇ,
ਪਿਤਰੀ ਕੰਮ ਨੂੰ ਆਪੂੰ ਸੰਭਾਲ
ਲੀਤਾ ।
ਬਲਬ ਜਗਦੇ ਪਏ ਨੇ ਕਿਸਮਤਾਂ ਦੇ,
ਰੋਸ਼ਨ ਟਿਊਬਾਂ ਦੇ ਨਾਲ
ਕਮਾਲ ਕੀਤਾ ।
ਇਹ ਬਰਕਤਾਂ ਸਭ ਮਿਲਾਪ ਦੀਆਂ,
ਹੱਥ ਫੜ ਲਿਆ ਤਾਹੀਉਂ
ਦਿਆਲ ਕੀਤਾ ।
ਅਗੋ ਆਈਆਂ ਹੋਰ ਪਰਾਈਆਂ ਨੇ,
ਪਿਆਰ ਬਾਟੇ ਵਿਚ ਮਿਠੱੜਾ
ਡਾਲ ਲੀਤਾ ।
ਹੁਣ ਰਲ ਕੇ ਖੁਸ਼ੀਆਂ ਮਾਣਦੇ ਹੋ,

## वीरवार

वीरवार चढ़िआ वीर मिल बैठे,
पितरी कम नू आपूं
संभाल लीता ।
बल्ब जगदे पए ने किसमतां दे,
रोशन टियूबां दे नाल
कमाल कीता ।
इह बरकतां सभ मिलाप दियां,
हत्थ फड़ लिया ताहीयों
दयाल कीता ।
अग्गो आईयां होर पराईयां नी,
प्यार बाटे विच मिठड़ा
डाल लीता ।
हुण रलके खुशियां माणदे हो,

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

## ਚੰਦੇ ਦਾ ਵੇਰਵਾ

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ **ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼** ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


# ਇਸ ਅੰਕ ਵਿਚ


| | |
|---|---|
| ਵੀਰਵਾਰ<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ -<br>ਗੁਰਮੁਖ ਬੁਢੇ ਕਦੇ ਨਾਹੀ | 2 |
| ਗੁਰੂ ਹਰਗੋਬਿੰਦ ਸਿੰਘ ਜੀ ਦਾ ਗੁਰਮਤਿ ਸੰਗੀਤ ਵਿਚ<br>ਯੋਗਦਾਨ-ਡਾ.ਗੁਰਨਾਮ ਸਿੰਘ | 7 |
| ਗੁਰੂ ਗ੍ਰੰਥ ਸਾਹਿਬ - ਗੁਰਮਤਿ ਸੰਗੀਤ ਦਾ ਮੁੱਢਲਾ ਸਰੋਤ<br>ਡਾ.ਜਾਗੀਰ ਸਿੰਘ | 9 |
| ਸੁਰ ਲਿਪੀ -ਰਾਗੁ ਨਟ ਨਰਾਇਣ<br>ਸ. ਹਰਭਜਨ ਸਿੰਘ ਚੋਪੜਾ | ਟਾ-3 |
| ਸੁਰ ਲਿਪੀ ਵਾਲਾ ਸ਼ਬਦ ਅਤੇ ਅਰਥ | ਟਾ-4 |


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Name and Address as also the deposit details to enable us to send you the receipt.

# ਗੁਰਮੁਖ ਬੁਢੇ ਕਦੇ ਨਾਹੀ

ਅੱਜ ਮੇਰੇ ਚਾਚਾ ਜੀ ਕੈਪਟਨ ਅਮਰੀਕ ਸਿੰਘ ਜੀ ਦੀ ਅਸੀਸ ਉਹਨਾਂ ਦੇ ਹੱਥ ਲਿਖਤ ਸੁਨੇਹੇ ਦੇ ਰੂਪ ਵਿੱਚ ਲੰਡਨ ਤੋਂ ਉਹਨਾਂ ਦੇ ਸਪੁੱਤਰ ਬਲਜਿੰਦਰ ਸਿੰਘ ਰਾਠੌਰ ਰਾਹੀਂ ਪ੍ਰਾਪਤ ਹੋਈ---

ਗੁਰਮੁਖਿ ਬੁਢੇ ਕਦੇ ਨਾਹੀ ਜਿਨ੍ਹਾਂ ਅੰਤਰਿ ਸੁਰਤਿ ਗਿਆਨ॥
ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜਿ ਧਿਆਨ॥
ਓਇ ਸਦਾ ਅਨੰਦ ਬਿਬੇਕ ਰਹਹਿ ਦੁਖਿ ਸੁਖਿ ਏਕ ਸਮਾਨਿ॥
ਜਿਨ੍ਹਾਂ ਨਦਰੀ ਇਕੋ ਆਇਆ ਸਭ ਆਤਮ ਰਾਮ ਪਛਾਨਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1418)

ਨਾਲ ਨਾਲ ਅਗਰ ਬ੍ਰਿਧ ਅਵਸਥਾ (ਓਲਡ ਏਜ) ਵਿੱਚ ਹੋਸ਼ ਦੇ ਨਾਲ ਜੋਸ਼ ਵੀ ਹੋਵੇ, ਉਤਸ਼ਾਹ ਹੋਵੇ ਉਮੰਗ ਹੋਵੇ-ਜੀਵਨ ਦੀ ਤਰੰਗ ਹੋਵੇ, ਰੱਬੀ ਰਸ ਨਾਲ ਤੇ ਦੈਵੀ ਗੁਣਾਂ ਨਾਲ ਹਿਰਦਾ ਭਰਿਆ ਹੋਵੇ, ਐਸੇ ਪੁਰਸ਼ ਕੋਲ ਬੁਢੇਪੇ ਵਿੱਚ ਵੀ ਤਾਜ਼ਗੀ ਹੁੰਦੀ ਹੈ। ਬਲੈਸਿੰਗ ਹਨ।---- ਸਦਾ ਸਦਾ ਹਰਿ ਗੁਣ ਰਵਹਿ ਅੰਤਰਿ ਸਹਜ ਧਿਆਨ।-------

ਬੜੀ ਦੇਰ ਬਾਅਦ ਚਾਚਾ ਜੀ ਦੀ ਹੱਥ ਲਿਖਤ ਦੇਖੀ ਤਾਂ ਪੁਰਾਣੀਆਂ ਯਾਦਾਂ ਤਾਜ਼ਾ ਹੋ ਗਈਆਂ। ਮੈਨੂੰ ਊੜਾ ਐੜਾ ਲਿਖਣਾ ਚਾਚਾ ਜੀ ਨੇ ਹੀ ਸਿਖਾਇਆ ਹੈ। ਮੈਨੂੰ ਯਾਦ ਹੈ ਜਦੋਂ ਮੈਂ ਪਹਿਲੀ ਕਲਾਸ ਵਿੱਚ ਦਾਖਲ ਹੋਇਆ ਤਾਂ ਰਾਜਪੁਰਾ ਤਹਿਸੀਲ ਦੇ ਪਿੰਡ ਲੋਹਾਖੇੜੀ ਵਿੱਚ ਪ੍ਰਾਇਮਰੀ ਸਕੂਲ ਨਹੀਂ ਸੀ। ਨੇੜਲੇ ਪਿੰਡ ਕੁੱਤਾ ਖੇੜੀ ਜਿਸਨੂੰ ਕੁਥਾ ਖੇੜੀ ਵੀ ਆਖਦੇ ਹਨ ਉਥੇ ਪ੍ਰਾਇਮਰੀ ਸਕੂਲ ਸੀ। ਹਰਪਾਲ ਪੁਰ ਮਿਡਲ ਸਕੂਲ ਸੀ ਮੈਂ ਕੁਤਾ ਖੇੜੀ ਜਾਂਦਾ ਸਾਂ ਤੇ ਚਾਚਾ ਜੀ ਹਰਪਾਲ ਪੁਰ ਜਾਂਦੇ ਸਨ। ਪੱਗ ਬੰਨ੍ਹਣ ਦੀ ਜਾਚ ਵੀ ਮੈਨੂੰ ਚਾਚਾ ਜੀ ਨੇ ਹੀ ਸਿਖਾਈ ਸੀ। ਫਿਰ ਰਾਮਪੁਰ ਯੂ ਪੀ ਤੋਂ ਬਾਅਦ ਘੁੰਮਦੇ ਘੁੰਮਾਉਂਦੇ ਅਸੀਂ ਅੰਬਾਲੇ ਆ ਗਏ ਤਾਂ ਉਦੋਂ ਮੈਂ ਅਠਵੀਂ ਵਿੱਚ ਪੜ੍ਹਦਾ ਸੀ। ਯੂ ਪੀ ਦੇ ਸਕੂਲ ਵਿੱਚ ਸਤਵੀਂ ਪਾਸ ਕਰਕੇ ਆਇਆ ਤਾਂ ਇੱਥੇ ਅੰਬਾਲੇ ਕਿਤੇ ਦਾਖਲਾ ਨਾ ਮਿਲਿਆ। ਅਠਵੀਂ ਪ੍ਰਾਈਵੇਟ ਕਰਨੀ ਪਈ। ਚਾਚਾ ਜੀ ਉਦੋਂ ਜੈਨ ਕਾਲਜ ਵਿੱਚ ਪੜ੍ਹਦੇ ਸਨ। ਮੈਂ ਅਤੇ ਚਾਚਾ ਜੀ ਅੰਬਾਲੇ ਹੀ ਰਹਿੰਦੇ ਸਾਂ। ਕਈ ਵਾਰੀ ਅਸੀਂ ਨੇੜਲੇ ਕਸਬਿਆਂ ਵਿੱਚ ਗੁਰਪੁਰਬਾਂ ਤੇ ਕੀਰਤਨ ਕਰਨ ਵੀ ਜਾਂਦੇ ਸਾਂ। ਚਾਚਾ ਜੀ ਨੂੰ ਚੰਗਾ ਸਾਹਿਤ ਪੜ੍ਹਨ ਦਾ ਸ਼ੌਕ ਸੀ। ਉਹ ਜੋ ਕੁਝ ਪੜ੍ਹਦੇ ਉਸ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਕੋਸ਼ਿਸ਼ ਕਰਦੇ ਸਨ। ਜਾਪਦਾ ਸੀ ਕਿ ਉਹ ਕਿਸੇ ਐਸੇ ਤਰੀਕੇ ਦੀ ਤਾਲਾਸ਼ ਵਿੱਚ ਸਨ ਜਿਸ ਨਾਲ ਤਤਕਾਲੀ ਸਮੱਸਿਆਵਾਂ ਦਾ

ਮੁਕਾਬਲਾ ਕੀਤਾ ਜਾ ਸਕੇ। ਉਹ ਨਵੇਂ ਨਵੇਂ ਤਜਰਬੇ ਕਰਦੇ ਰਹਿੰਦੇ ਸਨ। ਉਹਨਾਂ ਨੇ ਆਪਣੇ ਘਰ ਵਿੱਚ ਹੀ ਇੱਕ ਕੁਟੀਆ ਬਣਾ ਕੇ ਲਗਾਤਾਰ ਪਾਠ ਅਤੇ ਸਿਮਰਨ ਵੀ ਅਰੰਭ ਕੀਤਾ। ਉਹਨਾਂ ਦੇ ਅਜਿਹੇ ਕਈ ਤਜਰਬਿਆਂ ਦਾ ਮੈਂ ਸਾਖੀ ਹਾਂ। ਗਿਆਨੀ ਪਾਸ ਕਰਨ ਲਈ ਅੰਬਾਲਾ ਛਾਉਣੀ ਦੇ ਗਿਆਨੀ ਸੰਤੋਖ ਸਿੰਘ ਜੀ ਦੇ ਵਿਦਿਆਲੇ ਵਿੱਚ ਦਾਖਲ ਹੋਏ। ਕੁਝ ਸਮਾਂ ਚਾਚਾ ਜੀ ਨੇ ਵਾਇਲਨ ਵੀ ਸਿੱਖੀ । ਵਾਇਲਨ ਉੱਤੇ ਉਹਨਾਂ ਵੱਲੋਂ ਵਜਾਈਆਂ ਰਾਗ ਭੈਰਵ ਦੀਆਂ ਸਰਗਮਾਂ ਅਜੇ ਵੀ ਮੇਰੇ ਚੇਤੇ ਵਿੱਚ ਹਨ। ਚਾਚਾ ਜੀ ਦੀ ਲਿਖਾਈ ਬਹੁਤ ਸੁਹਣੀ ਹੈ। ਮੈਂ ਹਮੇਸ਼ਾ ਉਸ ਦੀ ਨਕਲ ਕਰਨ ਕੀ ਕੋਸ਼ਿਸ਼ ਕਰਦਾ ਰਿਹਾ ਹਾਂ। ਹੁਣ ਵੀ ਮੇਰੀ ਅੰਗਰੇਜ਼ੀ ਅਤੇ ਪੰਜਾਬੀ ਦੀ ਲਿਖਾਈ ਚਾਚਾ ਜੀ ਦੀ ਲਿਖਾਈ ਨਾਲ ਮਿਲਦੀ ਹੈ। ਘਰੇਲੂ ਮਜਬੂਰੀਆਂ ਕਾਰਨ ਉਹ ਫੌਜ ਵਿੱਚ ਚਲੇ ਗਏ। ਪਹਿਲਾਂ ਉਹ ਸਿਗਨਲ ਕੋਰ ਵਿੱਚ ਭਰਤੀ ਹੋਏ ਪਰ ਛੇਤੀ ਹੀ ਉਹਨਾਂ ਨੇ ਵਿੱਦਿਆ ਹਾਸਲ ਕਰਕੇ ਫੌਜ ਦੇ ਗੁਰਦੁਆਰਾ ਸਾਹਿਬ ਵਿੱਚ ਡੀਊਟੀ ਸ਼ੁਰੂ ਕਰ ਲਈ। ਇੱਥੇ ਉਹਨਾਂ ਨੇ ਅਧਿਐਨ ਕਰਕੇ ਕਾਫੀ ਗਿਆਨ ਹਾਸਲ ਕੀਤਾ। ਚੰਡੀਗੜ੍ਹ ਦੇ ਕਈ ਕਰਨਲ ਜਨਰਲ ਉਹਨਾਂ ਨੂੰ ਬੜੇ ਸਤਿਕਾਰ ਨਾਲ ' ਬਾਬਾ ਜੀ' ਕਹਿ ਕੇ ਯਾਦ ਕਰਦੇ ਹਨ।

ਜਦੋਂ ਚਾਚਾ ਜੀ ਫੌਜ ਵਿੱਚ ਚਲੇ ਗਏ ਤਾਂ ਉਹਨਾਂ ਦੀਆਂ ਚਿੱਠੀਆਂ ਦੀ ਉਡੀਕ ਹੁੰਦੀ ਸੀ। ਉਹਨਾਂ ਚਿਠੀਆਂ ਦੀ ਇਬਾਰਤ ਤੋਂ ਹੀ ਮੈਂ ਚਿਠੀਆਂ ਲਿਖਣੀਆਂ ਵੀ ਸਿੱਖੀਆਂ। ਚਾਚਾ ਜੀ ਨੂੰ ਆਪਣੇ ਪਰਿਵਾਰ ਦੇ ਬੱਚਿਆਂ ਨੂੰ ਪੜ੍ਹਨ ਲਈ ਪ੍ਰੇਰਨਾਂ ਦੇਣੀ ਅਤੇ ਮਾਇਕ ਸਹਾਇਤਾ ਕਰਨ ਦਾ ਚਾਅ ਹੁੰਦਾ ਸੀ। ਮੇਰੇ ਭੂਆ ਜੀ ਦੇ ਬੇਟੇ ਗੁਰਦੀਪ ਸਿੰਘ (ਸੁਰਗਵਾਸੀ ਗੁਰਦੀਪ ਕਾਮਰੇਡ ਪੰਜਾਬ ਯੂਨੀਵਰਸਿਟੀ) ਨੂੰ ਉਸ ਦੇ ਐਮ ਏ ਕਰਨ ਤਕ ਕੁਝ ਨਾ ਕੁਝ ਮਾਇਕ ਸਹਾਇਤਾ ਭੇਜਦੇ ਰਹੇ। ਮੈਂ ਉਦੋਂ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿੱਚ ਹੋਸਟਲ ਦਾ ਵਾਰਡਨ ਸੀ। ਗੁਰਦੀਪ ਮੇਰੇ ਕੋਲ ਹੀ ਰਹਿੰਦਾ ਸੀ। ਚਾਚਾ ਜੀ ਨੇ ਤੰਗੀਆਂ ਤੁਰਸ਼ੀਆਂ ਵਿੱਚ ਜਿਹੜੀਆਂ ਮਿਹਨਤਾਂ ਕੀਤੀਆਂ ਮੈਂ ਉਹਨਾਂ ਬਾਰੇ ਸੋਚ ਕੇ ਹੈਰਾਨ ਵੀ ਹੁੰਦਾ ਹਾਂ ਅਤੇ ਸਦਾ ਨਮਸਕਾਰ ਕਰਦਾ ਹਾਂ। ਉਹਨਾਂ ਦੇ ਜੀਵਨ ਦਾ ਪ੍ਰਭਾਵ ਉਹਨਾਂ ਦੇ ਦੋਹਾਂ ਬੱਚਿਆਂ ਵਿੱਚ ਵੇਖਣ ਨੂੰ ਮਿਲਦਾ ਹੈ। ਦੋਹਾਂ ਨੇ ਮਿਹਨਤਾਂ ਕਰਕੇ ਦੇਸ ਵਿਦੇਸ਼ ਵਿੱਚ ਕਾਮਯਾਬੀਆਂ ਹਾਸਲ ਕੀਤੀਆਂ ਅਤੇ ਸਮਾਜ ਵਿੱਚ ਨਾਮਣਾ ਖੱਟਿਆ। ਇਹਨਾਂ ਗੱਲਾਂ ਨਾਲ ਮਾਣ ਤਾਂ ਹੁੰਦਾ ਹੀ ਹੈ। ਸਾਰਿਆਂ ਨੂੰ ਆਪਣੇ ਬਜ਼ੁਰਗ ਚੰਗੇ ਲਗਦੇ ਹਨ। ਪਰ ਹੁਣ ਜਦੋਂ ਅਸੀਂ ਕਈ ਪ੍ਰਕਾਰ ਦਾ ਵਿਸ਼ਲੇਸ਼ਣ ਕਰਨ ਦੇ ਕਾਬਲ ਹੋ ਗਏ ਹਾਂ ਤਾਂ ਮੈਨੂੰ ਅਜੇ ਵੀ ਆਪਣੇ ਬਜ਼ੁਰਗਾਂ ਦੀਆਂ ਚੰਗਿਆਈਆਂ ਵਿੱਚੋਂ ਬਹੁਤ ਸਾਰੀਆਂ ਚੰਗਿਆਈਆਂ ਧਾਰਨ ਕਰਨ ਦੀ ਲੋੜ ਮਹਿਸੂਸ ਹੁੰਦੀ ਹੈ। ਖਾਸ ਕਰਕੇ ਮੇਰੇ ਚਾਚਾ ਜੀ ਦਾ ਜਿਸ ਤਰ੍ਹਾਂ ਉਹਨਾਂ ਦੇ ਬੱਚੇ ਸਤਿਕਾਰ ਕਰਦੇ ਹਨ ਤਾਂ ਇਸ ਤੇ ਰਸ਼ਕ ਹੁੰਦਾ ਹੈ। ਸਾਡੇ ਦਾਦਾ ਜੀ ਗੁਰਮੁਖ ਸਿੰਘ ਜੀ ਦੀ ਗੁਰਮੁਖਤਾਈ ਸਦਕਾ ਉਹਨਾਂ ਦਾ ਇਹ ਬਾਗ ਬਗੀਚਾ ਭਾਂਤ ਭਾਂਤ ਦੇ ਫੁੱਲ ਫਲ ਬਿਰਖ ਖਿੜਾ ਰਿਹਾ ਹੈ। ਇਸ ਵਿੱਚੋਂ ਅਨੇਕ ਗੁਣਾਂ ਦੀ ਖੁਸ਼ਬੋ ਫੈਲ ਰਹੀ ਹੈ। ਚਾਚਾ ਜੀ ਹੁਣ ਵੀ ਫੇਸਬੁੱਕ ਤੇ ਆਪਣੀ ਉਪਦੇਸ਼ਾਤਮਕ ਸ਼ੈਲੀ ਵਿੱਚ ਗੁਰਮਤਿ ਵਿਚਾਰਾਂ ਨਾਲ ਸਾਨੂੰ ਪ੍ਰੇਰਨਾ ਦਿੰਦੇ ਰਹਿੰਦੇ ਹਨ। ਮੈਂ ਵਾਹਿਗੁਰੂ ਅੱਗੇ ਸਾਰਿਆਂ ਦੀ ਸਿਹਤਯਾਬੀ ਅਤੇ ਖੁਸ਼ਹਾਲੀ ਲਈ ਦਿਲੋਂ ਅਰਦਾਸ ਕਰਦਾ ਹਾਂ।----

## ਪ੍ਰਤੀਕਰਮ-ਪ੍ਰੋਫੈਸਰ ਕੁਲਵੰਤ ਸਿੰਘ ਗਰੇਵਾਲ ਬਨਾਮ ਜਗਤਾਰਜੀਤ

'ਅੰਮ੍ਰਿਤ ਕੀਰਤਨ' ਵਿੱਚ ਮੇਰੇ ਵੱਲੋਂ ਕੁਲਵੰਤ ਸਿੰਘ ਗਰੇਵਾਲ ਜੀ ਨੂੰ ਦਿੱਤੀ ਸ਼ਰਧਾਂਜਲੀ ਪੜ੍ਹ ਕੇ ਮੈਨੂੰ ਜਗਤਾਰਜੀਤ ਸਿੰਘ ਦਾ ਫੋਨ ਆਇਆ। ਉਹਨਾਂ ਨੇ ਗਰੇਵਾਲ ਸਾਹਿਬ ਦੇ ਦੇਹਾਂਤ ਤੇ ਅਫਸੋਸ ਪ੍ਰਗਟ ਕੀਤਾ ਤੇ ਨਾਲ ਹੀ ਦੱਸਿਆ ਕਿ '22 ਜੁਲਾਈ 1918 ਨੂੰ ਪੰਜਾਬੀ ਟ੍ਰਿਬਿਊਨ ਵਿੱਚ ਛਪੇ ਇੱਕ ਲੇਖ 'ਜਸਵੰਤ ਸਿੰਘ ਦਾ ਚਿੱਤਰ-ਉਸਤਾਦ ਬੜੇ ਗੁਲਾਮ ਅਲੀ ਖਾਨ' ਨੂੰ ਪੜ੍ਹ ਕੇ ਗਰੇਵਾਲ ਸਾਹਿਬ ਨੇ ਪੰਜਾਬੀ ਟ੍ਰਿਬਿਊਨ ਵਿੱਚ ਪ੍ਰਤੀਕਰਮ ਵਜੋਂ ਇੱਕ ਨੋਟ ਲਿਖਿਆ ਸੀ ਜਿਸ ਨੂੰ ਮੈਂ ਇੱਕ ਵੱਡਾ ਸਰਟੀਫਿਕੇਟ ਸਮਝਿਆ ਅਤੇ ਉਹ ਮੈਨੂੰ ਹੁਣ ਪ੍ਰੇਰਨਾ ਦਿੰਦਾ ਹੈ।' ਗਰੇਵਾਲ ਜੀ ਵੱਲੋਂ ਲਿਖੇ ਕਿਸੇ ਬਾਰੇ ਪ੍ਰਸ਼ੰਸਾ ਨੋਟ ਨੂੰ ਪੜ੍ਹਨ ਦੀ ਰੁਚੀ ਮੇਰੇ ਮਨ ਵਿੱਚ ਵੀ ਜਾਗ ਪਈ। ਗਰੇਵਾਲ ਜੀ ਸੰਗੀਤ ਦੀਆਂ ਸੂਖਮ ਬਾਰੀਕੀਆਂ ਨੂੰ ਸਮਝਦੇ ਸਨ। ਉਹਨਾਂ ਦੀਆਂ ਗੱਲਾਂ ਬਾਤਾਂ ਤਾਂ ਮੈਂ ਸੁਣੀਆਂ ਹੀ ਹੋਈਆਂ ਸਨ। ਜਗਤਾਰਜੀਤ ਦਾ ਮੈਂ ਵੀ ਪ੍ਰਸ਼ੰਸਕ ਹਾਂ। ਉਹਨਾਂ ਦੇ ਕਈ ਲੇਖ ਅੰਮ੍ਰਿਤ ਕੀਰਤਨ ਵਿੱਚ ਪ੍ਰਕਾਸ਼ਿਤ ਕਰ ਚੁੱਕੇ ਹਾਂ। ਪਰ ਜਿਹੜੀ ਟਿੱਪਣੀ ਗਰੇਵਾਲ ਜੀ ਨੇ ਕੀਤੀ ਹੈ ਉਹ ਤਾਂ ਕੁੱਜੇ ਵਿੱਚ ਸਮੁੰਦਰ ਹੈ। (ਪ੍ਰਤੀਕਰਮ- ਉਸਤਾਦ ਬੜੇ ਗ਼ੁਲਾਮ ਅਲੀ ਖ਼ਾਨ ਉਰਫ਼ ਮਿਰਜ਼ਾ ਗ਼ਾਲਿਬ)

ਕਲਾ ਅਤੇ ਸਾਹਿਤ ਦੇ ਸੂਖਮ ਬੋਧ ਬਾਰੇ ਹੋਈ ਅਲੋਚਨਾ ਕਲਾ ਪਖ ਤੋਂ ਊਣੀ ਅਤੇ ਬੇਕਿਰਕ ਹੈ। ਜਗਤਾਰਜੀਤ ਸਿੰਘ ਦੀ ਇਹ ਵਿਲੱਖਣ ਰਚਨਾ ਅਲੋਚਨਾ ਦੇ ਨਵੇਂ ਮਿਆਰਾਂ ਦਾ ਉਦਘਾਟਨ ਹੈ। ਜ਼ਰੂਰੀ ਨਹੀਂ ਕਿ ਕਲਾ ਦ੍ਰਿਸ਼ਟੀ ਦੀ ਉਸਾਰੀ ਵਿੱਚ ਸੋਧ ਪ੍ਰਵਚਨਾਂ ਦਾ ਇੱਕ ਪੱਖੀ ਬਖਾਨ ਹੀ ਹੋਵੇ। ਸੁਖਨ ਫ਼ਹਿਮੀ ਦਾ ਵੀ ਅਖ਼ਿਰ ਕੋਈ ਮੁੱਲ ਵਿਧਾਨ ਹੈ। ਹੁਣ ਗੱਲ ਇਸ ਰਚਨਾ ਬਾਰੇ। ਮੇਰੀ ਗੁਜ਼ਾਰਿਸ਼ ਇਸ ਦੇ ਪੂਰਬ ਉਦੈ-ਕਾਲ ਦੀ ਰੰਗ ਲੀਲਾ ਸਬੰਧੀ ਹੈ। ਭਾਵੇਂ ਕਿਸੇ ਵੀ ਵੱਡੀ ਕਲਾ ਕਿਰਤ ਦਾ ਵੇਲਾ 'ਛਿਣ' ਨਿਸ਼ਚਿਤ ਕਰਨਾ ਮੁਸ਼ਕਿਲ ਕਾਰਜ ਹੈ ਪਰ ਜਦੋਂ ਰਚਨਾ ਦੀ ਬੰਦ ਕਲੀ ਨੇ ਖਿੜਨਾ ਹੈ ਤਾਂ ਪਲ ਜੋ ਅਨੁਭਵ ਦੀ ਜ਼ਦ ਵਿੱਚ ਆ ਜਾਵੇ, ਉਹੋ ਪਲ ਛਿਣ ਸਿਰਜਨਾ ਦੀ ਬੁਨਿਆਦ ਬਣਦਾ ਹੈ। ਇਸ ਰਚਨਾ ਦੀ ਭਾਲ ਜਾਂ ਰੰਗਾਂ ਦੀ ਸੰਗੀਤਕ ਪਕੜ, ਅੰਧਕਾਰ ਤੋਂ ਚਾਨਣ ਵੱਲ ਦਾ ਸੁਨੇਹਾ ਜ਼ਰੂਰ ਹੈ। ਇਸੇ ਕਰਕੇ ਚਿੱਤਰ ਵਿਚਲੇ ਸਾਰੇ ਹੀ ਰੰਗ ਪੂਰਵ-ਪ੍ਰਭਾਤੀ ਰੰਗ ਹਨ। ਪੂਰਬ ਸੰਧੀ ਪ੍ਰਕਾਸ਼ ਬੇਲਾ ਦੇ ਰੰਗ ਹਨ। ਸਾਰੇ ਹੀ ਸੂਹੇ (ਸੂਹਵੀ) ਕੇਸਰੀਆ, ਹਰਿਆਲੀ (ਸਪੇਸ) ਅਤੇ ਢਲਦੇ ਚੰਦਰਮਾ ਦੇ ਪ੍ਰਭਾਤ ਵੇਲੇ ਦੇ ਜਾਂ ਵਿਦਾਅ ਦੇ ਰੰਗ ਹਨ। 'ਛਾਵਾਂ-ਪਰਛਾਵਾਂ' ਨੂੰ ਅੰਧਕਾਰ ਦੀ ਬੁੱਕਲ ਤੋਂ ਬਚਾ ਲੈਣਾ ਹੀ ਇਸ ਕਲਾ ਕਿਰਤ ਦਾ ਸੰਗੀਤ ਦੀ ਭਾਸ਼ਾ ਵਿੱਚ ਸ਼ੁੱਧ ਸਵਰ ਜਾਂ ਸ਼ੁੱਧ ਅੰਗ ਹੈ।

ਗਾਇਕੀ ਦੇ ਸੂਖਮ ਰੰਗਾਂ ਜਾਂ ਪ੍ਰਕਾਸ਼ ਬਾਰੇ, ਚਿੱਤਰ ਕਲਾ ਦਾ ਬੇਜੋੜ ਤਜਰਬਾ ਕਾਂਗੜਾ ਸ਼ੈਲੀ (ਪੰਜਾਬ) ਜਾਂ ਅਵਿਨਿੰਦਰਾ ਨਾਥ ਠਾਕੁਰ (ਬੰਗਾਲ) ਦੇ ਰਚਨਾ ਜਗਤ ਵਿੱਚ ਮੌਜੂਦ ਹੈ। ਪਰ, ਪੰਜਾਬ ਵਿੱਚ ਯਾ ਤਾਂ ਸੰਗੀਤ ਦੀ ਥਾਂ ਸ਼ੋਰ ਨੇ ਮੱਲ ਲਈ ਹੈ ਜਾਂ ਸਾਡੀ ਸਾਹਿਤਕ ਹਉਂ ਨੂੰ ਇਸ ਰਚਨਾ ਵੱਲ ਉਦਾਰਤਾ ਜਾਂ ਮੁਹੱਬਤ ਨਾਲ ਵੇਖਣ ਪਰਖਣ ਦਾ ਹੌਸਲਾ ਜਾਂ ਵਿਹਲ ਹੀ ਨਹੀਂ। ਇਹ ਰੁਚੀ ਸਹੀ ਅਰਥਾਂ ਵਿੱਚ ਸਭਿਆਚਾਰਕ ਪੁਨਰ ਉਸਾਰੀ ਦਾ ਨਿਰੋਧ ਅਤੇ ਵਿਰੋਧ ਹੈ।

ਜ਼ਸਵੰਤ ਸਿੰਘ ਦਾ ਚਿੱਤਰ -' ਉਸਤਾਦ ਬੜੇ ਗੁਲਾਮ ਅਲੀ ਖਾਨ' ਦੀ ਰਚਨਾ ਦਾ ਰਚਨਾਕਾਰ ਬਹੁਤ ਹੀ

ਸਮਰਥ ਆਲੋਚਕ ਹੈ। ਜਗਤਾਰਜੀਤ ਸਿੰਘ ਦੀ ਇਹ ਰਚਨਾ, ਕਲਾ ਦਾ ਉਹ ਜੌਹਰ ਹੈ ਜੋ ਪੰਜਾਬੀ ਆਲੋਚਨਾ ਵਿੱਚ ਵਿਲੱਖਣ ਹੈ। ਮੁਲਾਹਜ਼ਾ ਹੋਵੇ– 'ਜਸਵੰਤ ਸਿੰਘ ਅਦੁੱਤੀ ਸੱਚ ਨੂੰ ਦਿਸਹੱਦੇ ਤੋਂ ਪ੍ਰਗਟ ਹੋ ਰਹੇ ਵਰੋਲੇ ਰਾਹੀਂ ਰੂਪਵੰਤ ਕਰਦਾ ਹੈ। ਵਰੋਲਾ ਜੋ ਪਹਿਲੇ ਛਿਣ ਸੀ , ਅਗਲੇ ਖਿਣ ਉਹੋ ਜਿਹਾ ਨਹੀਂ ਹੋਵੇਗਾ।' ਕਿਉਂਕਿ ਸੰਗੀਤ ਜ਼ਿੰਦਗੀ ਦਾ ਅੰਤਿਮ ਸੱਚ ਹੈ। ਐਸੀ ਕਲਾ ਆਲੋਚਨਾ ਆਪਣੇ ਆਪ ਵਿੱਚ ਵਿਰਲੀ ਹੈ। ਇਹ ਰਚਨਾ 'ਪੰਜਾਬੀ ਟ੍ਰਿਬਿਊਨ' ਦੀ ਕਲਾ ਦ੍ਰਿਸ਼ਟੀ ਅਤੇ ਸੁਹਜ ਦੇ ਬਿੰਬ ਨੂੰ ਚਿੰਰਜੀਵੀ ਬਣਾ ਦਿੰਦੀ ਹੈ। ਮੈਂ ਜਗਤਾਰਜੀਤ ਸਿੰਘ ਦੇ ਇਸ ਰਚਨਾਵੀ ਜ਼ੁਹਦ ਦੀ ਦਾਦ ਦਿੱਤੇ ਬਿਨਾਂ ਨਹੀਂ ਰਹਿ ਸਕਦਾ। ਬਕੌਲ ਗਾਲਿਬ–'ਹਮ ਸੁਖਨਫ਼ਹਿਮ ਹੈਂ ਗ਼ਾਲਿਬ ਕੇ ਤਰਫਦਾਰ ਨਹੀਂ ' ।---- ਇਸ ਨਿੱਕੇ ਜਿਹੇ ਨੋਟ ਵਿੱਚ ਗਰੇਵਾਲ ਸਾਹਿਬ ਦੀ ਚਿਤਰਕਲਾ ਬਾਰੇ ਕਾਂਗੜਾ ਤੇ ਬੰਗਾਲ ਸ਼ੈਲੀ ਬਾਰੇ ਉਹਨਾਂ ਦਾ ਗਿਆਨ, ਸੰਗੀਤ ਬਾਰੇ ਉਹਨਾਂ ਦੀ ਪਕੜ, ਸਾਹਿਤ ਅਤੇ ਕਲਾ ਅਲੋਚਨਾਂ ਬਾਰੇ ਉਹਨਾਂ ਦਾ ਦਰਦ, ਪੰਜਾਬ ਦੇ ਸੰਗੀਤ ਬਾਰੇ ਉਹਨਾਂ ਦਾ ਫਿਕਰ ਅਤੇ ਇਸ ਦੇ ਨਾਲ ਨਾਲ ਜਗਤਾਰਜੀਤ ਦੀ ਵਿਸ਼ਲੇਸ਼ਣਾਤਮਕ ਅਲੋਚਨਾਂ ਦੀ ਪ੍ਰਸ਼ੰਸਾ। ਕਿੰਨਾ ਕੁਝ ਹੈ ਇਸ ਵਿੱਚ। ਕੁਲਵੰਤ ਗਰੇਵਾਲ ਜੀ ਦੀ ਸਖਸੀਅਤ ਨੂੰ ਹੋਰ ਸਤਿਕਾਰ।

ਪ੍ਰੋ ਪੂਰਨ ਸਿੰਘ –'ਖੁਲ੍ਹੇ ਲੇਖ' ਪੜ੍ਹਦਿਆਂ ਦੀ ਇਸ ਪੁਸਤਕ ਦੇ ਲੇਖ ਪਿਆਰ ਤੇ ਕਵਿਤਾ ਪਹਿਲਾਂ ਵੀ ਕਈ ਵਾਰ ਪੜ੍ਹੇ ਸਨ। ਪਰ ਹੁਣ ਜਦੋਂ ਪੜ੍ਹਨ ਲੱਗਾ ਤਾਂ ਜਾਪਿਆ ਜਿਵੇਂ ਪਹਿਲੀ ਵਾਰ ਹੀ ਪੜ੍ਹ ਰਿਹਾ ਹਾਂ। ਚੰਗੇ ਸਾਹਿਤ ਤੇ ਸੰਗੀਤ ਦਾ ਇਹ ਵੱਡਾ ਗੁਣ ਹੈ ਉਸ ਨੂੰ ਜਦੋਂ ਪੜ੍ਹੋ ਸੁਣੋ ਨਵਾਂ ਜਾਪਦਾ ਹੈ। ਇਹਨਾਂ ਲੇਖਾਂ ਦੀਆਂ ਕੁਝ ਸਤਰਾਂ ਤਾਂ ਸਾਂਝੀਆਂ ਕਰਨ ਨੂੰ ਮੰਨ ਕਰਦਾ ਹੈ।

'ਕਵਿਤਾ ਅਤੇ ਮਾਂ ਬੋਲੀ–ਇਸ ਵਿੱਚ ਸ਼ਕ ਨਹੀਂ ਕਿ ਕਵਿਤਾ ਆਪਣੀ ਹੀ ਬੋਲੀ ਵਿੱਚ ਉਸ ਖਾਸ ਦੇਸ਼ ਦੇ ਵਾਸੀਆਂ ਨੂੰ ਰੂਹ ਤੱਕ ਅਪੜਾ ਸਕਦੀ ਹੈ। ਇਹ ਅਸੰਭਵ ਹੈ ਕਿ ਅੰਗਰੇਜ਼ੀ ਕਵਿਤਾ ਤੇ ਉਹਦਾ ਉਚਾਰਣ ਸਾਨੂੰ ਪੰਜਾਬੀਆਂ ਨੂੰ ਉਂਨਾ ਤੀਖਣ ਤੇ ਮਿੱਠਾ ਤੇ ਰਸੀਲਾ ਲੱਗੇ ਜਿਸ ਤਰਾਂ ਅੰਗ੍ਰੇਜ਼ਾਂ ਨੂੰ ਲੱਗਦਾ ਹੈ। ਮੇਰੀ ਜਾਚੇ ਇਹ ਨਾ ਮੁਮਕਿਨ ਹੈ ਕਿ ਪੰਜਾਬੀ ਦਿਲ ਨੂੰ ਹਿੰਦੀ ਤੇ ਉਰਦੂ ਬੋਲੀ ਕਦੀ ਰੂਹ ਨੂੰ ਚੰਗੀ ਲੱਗੇ। ਜਿਸ ਵੇਲੇ ਪੰਜਾਬੀ ਮਾਂ ਤੇ ਭੈਣਾਂ ਆਪਣੇ ਪੁਤ ਤੇ ਭਰਾ ਦੇ ਗੁਜ਼ਰ ਜਾਣ ਉੱਪਰ ਰੁਦਨ ਕਰ ਕਰ ਵੈਣ ਪਾਂਦੀਆਂ ਹਨ, ਉਹ ਵੈਣ ਕਦੀ ਵੀ ਅੰਗ੍ਰੇਜ਼ੀ ਯਾ ਪਾਰਸੀ ਯਾ ਉਰਦੂ ਯਾ ਹਿੰਦੀ ਵਿੱਚ ਨਹੀਂ ਹੋ ਸਕੇ। ਸੋ ਜਿਸ ਤਰ੍ਹਾਂ ਮਾਂ ਦੇ ਖੂਨ ਤੇ ਹੱਡੀ ਨਾਲ ਸਾਡਾ ਰਿਸ਼ਤਾ ਹੈ, ਇਸੇ ਤਰ੍ਹਾਂ ਉਹਦੀ ਬੋਲੀ ਨਾਲ। ਰੂਹ ਤਕ ਤਾਂ ਮਾਂ ਦੀ ਬੋਲੀ ਅਪੜਦੀ ਹੈ, ਸੋ ਕਵੀ ਸਦਾ ਆਪਣੀ ਮਾਂ ਦੀ ਬੋਲੀ ਵਿਚ ਰਹਿੰਦਾ ਹੈ, ਉੱਸੇ ਨੂੰ ਉੱਚਾ ਕਰਦਾ ਹੈ। ਵਾਕ ਰਚਨਾ ਤਾਂ ਹਰ ਕੋਈ ਹਰ ਬੋਲੀ ਵਿੱਚ ਕਰ ਸਕਦਾ ਹੈ ਜੇ ਉਸਨੂੰ ਅਕਲੀ ਹੁਨਰ ਆਉਂਦਾ ਹੋਵੇ, ਪਰ ਕਵਿਤਾ ਕਦੀ ਪਰਾਈ ਬੋਲੀ ਵਿਚ ਨਹੀਂ ਹੋ ਸਕਦੀ।' ਕਵਿਤਾ ਦੀ ਗੱਲ ਕਰਦਿਆਂ ਪੂਰਨ ਸਿੰਘ ਜੀ ਕਵਿਤਾ ਦਾ ਪਾਠ ਕਰਨ ਜਾਂ ਕਵਿਤਾ ਸੁਣਨ ਵਾਲਿਆਂ ਬਾਰੇ ਵੀ ਬੜੀਆਂ ਮੌਲਿਕ ਟਿੱਪਣੀਆਂ ਕਰਦੇ ਹਨ–

'ਕਵਿਤਾ ਦੇ ਕਰਤਾ ਤਾਂ ਇਲਾਹੀ ਲੋਕ ਹੋਏ ਪਰ ਕਵਿਤਾ ਦੇ ਪਾਠ ਕਰਨ ਵਾਲਿਆਂ ਦੇ ਦਿਲ ਵਿਚ ਸਥਾਈ ਭਾਵ ਦਇਆ, ਨਿਮ੍ਰਤਾ, ਮਿੱਠਤ, ਗਰੀਬੀ,ਤਿਆਗ, ਵੈਰਾਗਯ ਤੇ ਚਾ ਮਿਲਵਾਂ ਹੋਣਾ ਲੋੜੀਂਦਾ

ਹੈ। ਕਵਿਤਾ ਪੜ੍ਹਨ ਵਾਲਿਆਂ ਦੇ ਦਿਲ ਇਕ ਵਗਦੇ ਚਸ਼ਮੇ ਵਾਂਗ ਸਦਾ ਠੰਢੇ ਤੇ ਨਿਰਮਲ ਲੋੜੀਏ। ਕਵੀ ਦੇ ਮਿੱਠੇ ਬਚਨਾਂ ਦਾ ਪਾਠ ਤਦ ਕਰ ਸਕਦੇ ਹਾਂ ਜਦ ਖ਼ੁਦਗਰਜ਼ੀ ਕਸ਼ਮਕਸ਼,ਵੈਰ ਵਿਰੋਧ ਤੇ ਦੁਨਯਾਦਾਰੀ ਦੀਆਂ ਕਮੀਨੀਆਂ ਘਬਰਾਟਾਂ ਦਾ ਘੱਟਾ ਦਿਲ ਥੀਂ ਸਾਫ ਹੋ ਚੁੱਕਿਆ ਹੋਵੇ। ਅੱਖ ਵਿਚ ਕੋਈ ਜਵਾਲਾ ਲਿਸ਼ਕਾਂ ਮਾਰਦੀ ਹੋਵੇ, ਦਿਲ ਵਿਚ ਬਿਹਬਲਤਾ ਹੋਵੇ, ਹੱਥ ਪੈਰ ਅਚਲ ਚਾਅ ਵਿਚ ਚੰਚਲ ਹੋਣ,ਤੇ ਰੂਹ ਕਿਸੇ ਮੌਤ ਵਰਗੇ ਪਿਆਰ ਵਿਚ ਖਿੱਚਿਆ ਹੋਵੇ। ਜਿਹੜੇ ਇਸ ਦੁਨੀਆਂ ਦੇ ਕੂੜੇ ਠੋਸ ਪਦਾਰਥਾਂ ਨੂੰ ਸੱਚ ਵੇਖ ਰਹੇ ਹਨ ਉਨ੍ਹਾਂ ਦੇ ਉਹ ਨੈਣ ਨਹੀਂ ਹਨ ਜੋ ਕਵੀ ਨੂੰ ਪਛਾਣ ਸੱਕਣ। ਫਰਕ ਦੇਖੋ, ਇਨ੍ਹਾਂ ਲਈ ਤਾਂ ਦਿਸਣ ਪਿਸਣ ਦੇ ਝਮੇਲੇ ਸੱਚ, ਤੇ ਕਵੀ ਲਈ ਇਹ ਸਭ ਕੂੜ। 'ਕੂੜ ਰਾਜਾ ਕੂੜ ਪਰਜਾ ਕੂੜ ਸਭ ਸੰਸਾਰ।' ਕਵੀ ਦਾ ਸੱਚ ਇਹ ਨਹੀਂ, ਉਹ ਹੈ- ਸਚੁ ਤਾ ਪਰੁ ਜਾਣੀਐ ਜਾਂ ਰਿਦੈ ਸਚਾ ਹੋਇ। 'ਤੇ ਸਚ ਤਾ ਪਰ ਜਾਣੀਐ ਜਾਂ ਸਚਿ ਘਰੈ ਪਿਆਰੁ। ਨਾਉ ਸੁਣਿ ਮਨੁ ਰਹਸੀਐ ਤਾ ਪਾਵੈ ਮੋਖ ਦੁਆਰੁ।' ਕਵੀ ਤਾਂ ਕਾਲੇ ਬੱਦਲਾਂ ਦੇ ਸਮੂਹ ਵਿਚ ਲਿਸ਼ਕਦੀ ਚਾਂਦੀ ਦੀ ਲਕੀਰ ਵੇਖ ਖੁਸ਼ ਹੁੰਦੇ ਹਨ। ਠੀਕ, ਨਿਰਾ ਕਾਲਾਪਣ ਕੁਸੁਹਣਾ ਨਹੀਂ ਜੋ ਬੱਦਲਾਂ ਵਾਲੀ ਕੋਈ ਲਿਸ਼ਕ ਹੋਵੇ, ਤੇ ਜੋ ਉਨ੍ਹਾਂ ਵਰਗਾ ਬਰਖਾ ਕਰਨ ਵਾਲਾ ਦਿਲ ਹੋਵੇ, ਜੇ ਕਾਲਿਆਂ ਵਿੱਚ 'ਥਰਰ ਥਰਰ' ਕੋਈ 'ਖਿਰਣ' ਹੋਵੇ ਤਦ ਮੋਰ ਪੈਲ ਪਾਣ ਲਗ ਜਾਂਦੇ ਹਨ। ਲੰਕਾ ਵਾਸੀਆਂ ਨੇ ਇਕ ਵੇਰੀ ਅੱਕ ਕੇ ਕਿਹਾ ਸੀ-

'ਕੰਚਨ ਕੇ ਧਾਮ ਕਾਹੂ ਕਾਮ ਜਹਾਂ ਉਪਾਧ ਰਹੇ,
ਰਾਮ ਰਾਜ ਭਲੋ ਜਹਾਂ ਸੋਏ ਖਾਇ ਲੋਬੀਆ।'

ਜਿਹੜੀ ਬਿਜਲੀ ਦੀ ਚਿਣਗ ਵਾਂਗ ਤੜਪ ਕੇ ਸ਼ਰੀਰੀ ਮਾਯਾਵੀ ਦੁਨੀਆਂ ਥੀਂ ਬਾਹਰ ਨਹੀਂ ਹੋ ਸਕਦੇ, ਉਹ ਕਵਿਤਾ ਨੂੰ ਕੀ ਸਿੰਜਾਂਣ ਸਕਦੇ ਹਨ, ਉਹ ਮਰ ਚੁਕੇ ਹਨ। ਗੁਲ ਬਕਵਾਲੀ ਸੈਲ ਪੱਥਰ ਤਾਂ ਹੀ ਹੋਈ ਸੀ, ਜਦ ਉਹਨੂੰ ਇਸ 'ਕੂੜ' ਦਾ ਕੋਈ ਹੱਥ ਲਗ ਗਿਆ ਸੀ। ਬੰਦੇ ਠੋਸ ਕਾਲੇ ਜਗਤ ਦੇ ਕੂੜ ਨੂੰ 'ਸੱਚ' ਮੰਨ ਕੇ ਪੈਰਾਂ ਵੱਲੋਂ ਲਗ ਕੇ ਸਿਰ ਤਕ ਹੌਲੀ ਹੌਲੀ ਸੈਲ ਪੱਥਰ ਹੋ ਜਾਂਦੇ ਹਨ, ਦਿਲ ਦੀ ਧੜਕ ਹੀ ਬੰਦ ਹੋ ਜਾਂਦੀ ਹੈ। ਸ਼ੈਕਸਪੀਅਰ ਨੇ ਵੀ ਕੁਝ ਖਿੱਝ ਕੇ ਕਿਹਾ ਸੀ ਕਿ ਜਿਨ੍ਹਾਂ ਨੂੰ ਕਵਿਤਾ ਚੰਗੀ ਨਹੀਂ ਲਗਦੀ ਉਹ ਲੋਕ ਫਾਂਸੀ ਲਾ ਦਿੱਤੇ ਜਾਣ ਜੋਗੇ ਹਨ।-------ਪੂਰਨ ਸਿੰਘ ਨੇ ਇਹਨਾਂ ਲੇਖਾਂ ਵਿੱਚ ਕਵਿਤਾ ਦੀ ਸਿਰਜਣ ਪ੍ਰਕਿਰਿਆ,ਧਰਮ,ਪਿਆਰ, ਸਾਹਿਤ ਅਤੇ ਜੀਵਨ ਜਾਚ ਅਨੇਕਾਂ ਪੱਖਾਂ ਨੂੰ ਪਰਿਭਾਸ਼ਿਤ ਕੀਤਾ ਹੈ। ਹੁਣ ਜਦੋਂ ਇਹਨਾਂ ਨੂੰ ਪੜ੍ਹ ਰਿਹਾ ਹਾਂ ਤਾਂ ਅਜੇ ਵੀ ਸੱਜਰੇ ਸੱਜਰੇ ਜਾਪਦੇ ਹਨ।

ਭੁੱਲ ਚੁੱਕ ਖਿਮਾ

# ਗੁਰੂ ਹਰਗੋਬਿੰਦ ਸਿੰਘ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

ਡਾ. ਗੁਰਨਾਮ ਸਿੰਘ

ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਪਾਤਸ਼ਾਹ ਨੇ ਸਿੱਖ ਧਰਮ ਵਿਚ ਮੀਰੀ ਤੇ ਪੀਰੀ ਦੀਆਂ ਪਰੰਪਰਾਵਾਂ ਨੂੰ ਵਿਕਸਤ ਕੀਤਾ। ਬਾਣੀ ਦੇ ਗਾਇਨ ਦੀ ਪੀਰੀ ਪਰੰਪਰਾ ਅਤੇ ਲੋਕ ਸ਼ੈਲੀ ਦੀ ਢਾਡੀ ਕਲਾ ਨੂੰ ਆਪ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੰਗੀਤ ਦੀ ਵਿਸ਼ੇਸ਼ ਪਰੰਪਰਾ ਵਜੋਂ ਵਿਕਸਿਤ ਕੀਤਾ ਜਿਸ ਵਿਚ ਰਾਜਿਆਂ ਮਹਾਰਾਜਿਆਂ ਦੀ ਉਸਤਤਿ ਦੀ ਬਜਾਏ ਉਸ ਅਕਾਲ ਪੁਰਖ ਦੀ ਉਸਤਤਿ ਤੇ ਇਲਾਹੀ ਵਾਰਾਂ ਦਾ ਗਾਇਨ ਕਰਵਾਇਆ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ਼ਬਦ ਕੀਰਤਨ ਤੇ ਲੋਕ ਢਾਡੀ ਪਰੰਪਰਾ ਨੂੰ ਨਵੇਂ ਵਿਸਥਾਰ ਪ੍ਰਦਾਨ ਕੀਤੇ। ਛੇਵੇਂ ਪਾਤਸ਼ਾਹ ਨੇ ਪੰਚਮ ਪਾਤਸ਼ਾਹ ਦੁਆਰਾ ਸ੍ਰੀ ਹਰਿਮੰਦਰ ਸਾਹਿਬ ਵਿਖੇ ਚਲਾਈ ਗਈ ਰਾਗਾਤਮਕ ਕੀਰਤਨ ਪਰੰਪਰਾ ਦੀ ਰੀਤ ਨੂੰ ਅਗਾਂਹ ਤੋਰਿਆ। ਗੁਰਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਆਪ ਦੇ ਦਰਬਾਰ ਵਿਚ ਰਬਾਬੀ ਕੀਰਤਨੀਏ ਗੁਰਮਤਿ ਸੰਗੀਤ ਦਾ ਪ੍ਰਵਾਹ ਨਿਰੰਤਰ ਚਲਾ ਰਹੇ ਸਨ:

ਗਾਇਨ ਰਬਾਬੀ ਸ਼ਬਦ ਅਖੰਡ
ਇਕ ਸੱਤਾ ਦੂਜਾ ਬਲਵੰਡ।

ਸ੍ਰੀ ਦਰਬਾਰ ਸਾਹਿਬ ਸ੍ਰੀ ਹਰਿਮੰਦਰ ਸਾਹਿਬ ਵਿਖੇ ਰਾਗਾਤਮਕ ਕੀਰਤਨ ਚੌਕੀਆਂ ਦੇ ਨਿਰੰਤਰ ਗਾਇਨ ਪ੍ਰਵਾਹ ਸਬੰਧੀ ਕਈ ਹਵਾਲੇ ਮਿਲਦੇ ਹਨ :

ਚੌਕੀ ਗਾਇ ਬਿਲਾਵਲ ਕੇਰੀ
ਬਜੇ ਬਾਜ ਧੁਨ ਉਠਤਿ ਗਹੀਰੀ।।

ਰਾਗਾਤਮਕ ਕੀਰਤਨ ਚੌਕੀ ਦੇ ਅੰਤਰਗਤ ਰਬਾਬੀ ਤੇ ਰਾਗੀ ਜਿੱਥੇ ਹੋਰ ਵੱਖ-ਵੱਖ ਸਾਜ਼ਾਂ ਦਾ ਵਾਦਨ ਕਰਦੇ ਸਨ ਉੱਥੇ ਸ੍ਰੀ ਹਰਗੋਬਿੰਦ ਸਾਹਿਬ ਦੁਆਰਾ ਤਾਊਸ ਸਾਜ਼ ਦੇ ਪ੍ਰਚਲਨ ਦਾ ਵਿਸ਼ੇਸ਼ ਇਤਿਹਾਸ ਹੈ। ਕਿਹਾ ਜਾਂਦਾ ਹੈ ਕਿ ਡਰੋਲੀ (ਭਾਈ ਕੀ) (ਮੰਗਲ ਸ਼ਹਿਰ ਨੇੜੇ) ਵਿਖੇ ਸਤਿਗੁਰੂ ਹਰਗੋਬਿੰਦ ਸਾਹਿਬ ਆਪਣੇ ਸਾਢੂ ਭਾਈ ਸਾਂਈ ਦਾਸ ਜੀ ਦੇ ਨਵੇਂ ਗ੍ਰਹਿ ਦੇ ਪ੍ਰਵੇਸ਼ ਸਮੇਂ ਹਾਜ਼ਰ ਹੋਏ। ਸਮਾਗਮ ਉਪਰੰਤ ਕੀਰਤਨੀਆਂ ਦੇ ਸਾਜ਼ ਰਬਾਬ, ਸਾਰੰਦੇ, ਮ੍ਰਿਦੰਗ ਆਦਿ ਇਕ ਪਾਸੇ ਖੁਲ੍ਹੇ ਪਏ ਸਨ। ਗੁਰੂ ਸਾਹਿਬ ਤੇ ਸੰਗਤਾਂ ਲੰਗਰ ਛਕ ਰਹੀਆਂ ਸਨ। ਕਿਸੇ ਪਾਸਿਉਂ ਇਕ ਮੋਰ ਸਾਜ਼ਾਂ ਵਿਚ ਆ ਬੈਠਾ। ਸਾਜ਼ਾਂ ਵਿਚ ਮੋਰ ਘੁੰਮਦਾ ਵੇਖ ਸਤਿਗੁਰ ਅਤਿ ਪ੍ਰਸੰਨ ਹੋਏ। ਮੋਰ ਨੇ ਆਪਣੀ ਮਿੱਠੀ ਆਵਾਜ਼ ਕੱਖੀ ਤੇ ਸਤਿਗੁਰ ਮੋਰ ਦੀ ਆਵਾਜ਼ ਸੁਣ ਕੇ ਕਿਹਾ ਕਿ ਕੋਈ ਐਸਾ ਕਾਰੀਗਰ ਲੱਭੋ ਜੋ ਇਸ ਮੋਰ ਦੀ ਸ਼ਕਲ ਅਤੇ ਇਸ ਦੀ ਅਵਾਜ਼ ਵਰਗਾ ਸਾਜ਼ ਬਣਾਵੇ।

ਪ੍ਰਚੱਲਿਤ ਕਥਾ ਹੈ ਕਿ ਮੋਰ ਵਰਗਾ ਸਾਜ਼ ਤਿਆਰ ਕਰਵਾਇਆ ਗਿਆ, ਕਿਉਂ ਜੋ ਪਰਸ਼ੀਅਨ ਵਿਚ ਮੋਰ ਨੂੰ 'ਤਾਊਸ' ਕਿਹਾ ਜਾਂਦਾ ਹੈ। ਇਸ ਲਈ ਇਸ ਸਾਜ਼ ਦਾ ਨਾਮਕਰਣ ਤਾਊਸ ਵਜੋਂ ਹੋਇਆ, ਜਿਸ ਦਾ ਗੁਰਮਤਿ ਸੰਗੀਤ ਵਿਚ ਪੁਨਰ ਪ੍ਰਚਲਨ ਹੋ ਰਿਹਾ ਹੈ।

ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਸੰਗੀਤ ਵਿਚ ਢਾਡੀ ਕਲਾ ਦਾ ਪ੍ਰਚਲਨ ਕਰਕੇ ਇਸ ਸੰਗੀਤ ਨੂੰ ਸਤਿਕਾਰਤ ਸਥਾਨ ਦਿਵਾਇਆ। ਢਾਡੀ, ਢੱਡ ਸਾਰੰਗੀ (ਗਜ਼ ਵਾਲੀ ਰਬਾਬ) ਲੋਕ ਸਾਜ਼ ਨਾਲ ਕੀਰਤਨ ਕਰਨ ਵਾਲੇ ਇਨ੍ਹਾਂ ਢਾਡੀਆਂ ਵਿਚ ਭਾਈ ਨੱਥਾ ਤੇ ਅਬਦੁਲਾ ਕਾਫੀ ਚਰਚਿਤ ਰਹੇ। ਇਕ ਹਵਾਲੇ ਅਨੁਸਾਰ ਬਾਈ ਵਾਰਾਂ ਦੇ ਰਾਗਾਂ ਦੇ ਸਰੂਪ ਅਨੁਸਾਰ ਪ੍ਰਚਲਿਤ ਲੋਕ ਢਾਡੀਆਂ ਤੋਂ ਗਾਇਨ ਆਰੰਭ ਕਰਵਾਇਆ। ਗੁਰਮਤਿ ਸੰਗੀਤ ਦੇ ਸੰਦਰਭ ਵਿਚ ਵੇਖੀਏ ਤਾਂ ਗੁਰਮਤਿ ਸੰਗੀਤ ਦੇ ਦੇਸੀ ਰਾਗਾਂ ਦੇ ਸਰੋਤ ਲੱਭਣ ਲਈ ਇਹ ਬਾਈ ਵਾਰਾਂ ਦੀਆਂ ਲੋਕ ਸੁਰਾਤਮਕ ਆਧਾਰ ਵਜੋਂ ਸਹਾਈ ਹੋ ਸਕਦੀਆਂ ਹਨ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੇ ਜੀਵਨ ਕਾਲ ਵਿਚ ਹੀ ਸਿੱਖ ਸੰਗੀਤ ਦੀ ਇਕ ਹੋਰ ਕੀਰਤਨ ਪ੍ਰਣਾਲੀ ਚੌਂਕੀ ਸਾਹਿਬ ਦੀ ਕੀਰਤਨ ਪਰੰਪਰਾ ਨੂੰ ਉਤਸ਼ਾਹਿਤ ਕੀਤਾ। ਰਾਗਾਤਮਕ ਕੀਰਤਨ ਚੌਂਕੀ ਤੋਂ ਇਲਾਵਾ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਅਗਵਾਈ ਵਿਚ ਚੌਂਕੀ ਸਾਹਿਬ ਦੀ ਇਸ ਕੀਰਤਨ ਪਰੰਪਰਾ ਦਾ ਪ੍ਰਾਰੰਭ ਹੋਇਆ।

ਭਾਈ ਬ੍ਰਿਧ ਸਭਿ ਸਿਖ ਗੁਰਦਾਸ। ਗਾਵਤਿ ਚੌਂਕੀ ਸਬਦ ਪ੍ਰਕਾਸ਼।
ਸਨੈ ਸਨੈ ਪ੍ਰਛਦਨਾ ਦੇਤੇ। ਸਬਕ ਪਢਤਿ ਸਮਝਤਿ ਸੁਖ ਲੇਤੇ।।੩੨।।
ਦੇਖਤਿ ਪਏ ਪ੍ਰਸੰਨ ਬਿਲੰਦ। ਬਦਤਿ ਭਹੇ ਸ੍ਰੀ ਹਰਿਗੋਬਿੰਦ।
ਧੰਨਿ ਬ੍ਰਿਧ ਭਾਈ ਸ਼ੁਭ ਰੀਤਿ। ਕਹੀ ਸੁਧਾਸਰ ਪਰ ਘਰਿ ਪ੍ਰੀਤਿ।।੩੨।।

ਚੌਂਕੀ ਸਾਹਿਬ ਦੀ ਇਹ ਪਰੰਪਰਾ ਜਿਸ ਨੂੰ ਵਾਰੀਆਂ ਦਾ ਕੀਰਤਨ ਕਿਹਾ ਜਾਦਾ ਹੈ, ਵਰਤਮਾਨ ਸਮੇਂ ਵੀ ਪ੍ਰਚੱਲਿਤ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤਾਂ ਅਤੇ ਕੁਝ ਗੁਰਮੁਖ ਪਰਿਵਾਰ ਪੀੜ੍ਹੀ-ਦਰ-ਪੀੜ੍ਹੀ ਇਸ ਦਾ ਗਾਇਨ ਕਰਦੇ ਆ ਰਹੇ ਹਨ ਅਤੇ ਵਾਰੀਆਂ ਦੇ ਕੀਰਤਨ ਦੇ ਵੱਖ-ਵੱਖ ਗੁਟਕੇ ਵੀ ਪ੍ਰਕਾਸ਼ਿਤ ਰੂਪ ਵਿਚ ਮਿਲਦੇ ਹਨ। ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪਾਵਨ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਗੁਰਮਤਿ ਸੰਗੀਤ ਪ੍ਰੇਮੀਆਂ ਤੇ ਸੰਗਤਾਂ ਨੂੰ ਲੱਖ ਲੱਖ ਵਧਾਈਆਂ।

**ਬਾਨੀ ਤੇ ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ**
**ਗਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਗੁਰੂ ਗ੍ਰੰਥ ਸਾਹਿਬ - ਗੁਰਮਤਿ ਸੰਗੀਤ ਦਾ ਮੁੱਢਲਾ ਸਰੋਤ

**ਡਾ.ਜਾਗੀਰ ਸਿੰਘ**

ਸਿੱਖ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਗੁਰਬਾਣੀ ਸੰਗੀਤ ਦੀ ਪ੍ਰਣਾਲੀ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਅਜਕਲ ਅਕਾਦਮਿਕ ਪੱਧਰ ਤੇ ਗੁਰਮਤਿ ਸੰਗੀਤ ਦਾ ਵਿਸ਼ਾ ਲਾਗੂ ਹੋਣ ਕਾਰਨ ਵਿਦਵਾਨਾਂ ਵਿੱਚ ਇਸ ਵਿਸ਼ੇ ਬਾਰੇ ਖੋਜ ਕਰਨ ਦੀ ਰੁਚੀ ਜਾਗੀ ਹੋਈ ਹੈ। ਇਸ ਲਈ ਗੁਰਮਤਿ ਸੰਗੀਤ ਸਬੰਧੀ ਖੋਜ ਕਰਨ ਲਈ ਪੁਰਾਤਨ ਸਾਹਿਤ ਦੀ ਖੋਜ ਹੋ ਰਹੀ ਹੈ। ਜਿਵੇਂ ਗੁਰਮਤ ਦੇ ਹੋਰ ਪੱਖਾਂ ਬਾਰੇ ਖੋਜ ਕਰਨ ਲਈ ਆਧਾਰ ਗ੍ਰੰਥ ਗੁਰੂ ਗ੍ਰੰਥ ਸਾਹਿਬ ਨੂੰ ਮੰਨਿਆਂ ਜਾਂਦਾ ਹੈ ਇਸੇ ਤਰ੍ਹਾਂ ਗੁਰਮਤਿ ਸੰਗੀਤ ਬਾਰੇ ਵੀ ਜਾਣਕਾਰੀ ਪ੍ਰਾਪਤ ਕਰਨ ਲਈ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰਨਾ ਜ਼ਰੂਰੀ ਹੈ। ਇਹ ਅਧਿਐਨ ਦੋ ਪੱਖਾਂ ਤੋਂ ਕੀਤਾ ਜਾ ਸਕਦਾ ਹੈ :

1.ਭਾਵ ਪੱਖ 2.ਕਿਰਿਆਤਮਕ ਪੱਖ

ਭਾਵ ਪੱਖ ਤੋਂ ਅਧਿਐਨ ਕਰਨ ਲਈ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਅਧਿਐਨ ਕਰਦੇ ਹਾਂ। ਇਸ ਅਧਿਐਨ ਵਿੱਚ ਗੁਰਬਾਣੀ ਵਿੱਚ ਸੰਗੀਤ ਪ੍ਰਤੀ ਜੋ ਕਥਨ ਆਏ ਹਨ ਉਹਨਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ। ਇਸ ਤੋਂ ਸਾਨੂੰ ਸੰਗੀਤ ਦੇ ਵੱਖ ਵੱਖ ਅੰਗਾਂ ਅਤੇ ਤੱਤਾਂ ਦੀ ਮਹੱਤਤਾ ਦਾ ਪਤਾ ਲੱਗਦਾ ਹੈ।

ਵਿਦਵਾਨਾਂ ਨੇ ਸੰਗੀਤ ਦੀ ਪਰਿਭਾਸ਼ਾ ਕਰਦਿਆਂ ਗਾਇਨ , ਵਾਦਨ ਅਤੇ ਨਰਿਤ ਨੂੰ ਸੰਗੀਤ ਕਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਇਹਨਾਂ ਤਿੰਨਾਂ ਅੰਗਾਂ ਬਾਰੇ ਕਥਨ ਦਰਜ ਹਨ।

**ਗਾਇਨ:**

ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬਾਣੀ ਜਪੁ ਜੀ ਵਿੱਚ ਹੀ ਸੰਗੀਤ ਦੇ ਮੁਖ ਅੰਗ ਗਾਇਨ ਦੀ ਮਹੱਤਤਾ ਬਾਰੇ ਦੱਸਿਆ ਹੈ। ਪ੍ਰਮਾਤਮਾ ਦੀ ਮਹਿਮਾ ਦਾ ਵਰਨਣ ਗਾਇਨ ਨਾਲ ਕੀਤਾ ਗਿਆ ਹੈ:

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥ ਗਾਵੈ ਕੋ ਦਾਤਿ ਜਾਣੈ ਨੀਸਾਣੁ ॥
ਗਾਵੈ ਕੋ ਗੁਣ ਵਡਿਆਈਆ ਚਾਰ ॥ ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥ ਗਾਵੈ ਕੋ ਜੀਅ ਲੈ ਫਿਰ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥ ਗਾਵੈ ਕੋ ਵੇਖੈ ਹਾਦਰਾ ਹਦੂਰਿ ॥ (ਗੁਰੂ ਗ੍ਰੰਥ ਸਾਹਿਬ, ਪੰਨਾ 1-2)

ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥ ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥ (ਗੁਰੂ ਗ੍ਰੰਥ ਸਾਹਿਬ, ਪੰਨਾ 2)

ਜਪੁਜੀ ਦੀ ਸਤਾਈਵੀਂ ਪਉੜੀ ਵਿੱਚ ਗੁਰੂ ਨਾਨਕ ਦੇਵ ਜੀ ਰੱਬੀ ਦਰਬਾਰ ਦੇ ਸੰਗੀਤਕਾਰਾਂ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਉਸ ਦਰਬਾਰ ਵਿਚ ਚਿਤਰ-ਗੁਪਤ, ਧਰਮਰਾਜ, ਈਸ਼ਵਰ, ਬ੍ਰਹਮਾ ਦੇਵੀ ਦੇਵਤੇ, ਸਿੱਧ, ਜਤੀ, ਸਤੀ, ਜੋਧੇ ਆਦਿ ਹੀ ਨਹੀਂ ਗਾ ਰਹੇ ਸਗੋਂ ਪੌਣ, ਪਾਣੀ, ਅੱਗ, ਤਾਰਿਕਾ ਮੰਡਲ ਅਤੇ

ਸਮੁੱਚਾ ਬ੍ਰਹਿਮੰਡ, ਸਮੁੱਚੀ ਸ੍ਰਿਸ਼ਟੀ ਗਾ ਰਹੀ ਹੈ :

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥
ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥
ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰ ਗਾਵੈ ਰਾਜਾ ਧਰਮੁ ਦੁਆਰੇ ॥
ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ ਲਿਖਿ ਲਿਖਿ ਧਰਮੁ ਵੀਚਾਰੇ ॥
ਗਾਵਹਿ ਈਸਰੁ ਬਰਮਾ ਦੇਵੀ ਸੋਹਨਿ ਸਦਾ ਸਵਾਰੇ ॥
ਗਾਵਹਿ ਇੰਦ ਇਦਾਸਣਿ ਬੈਠੇ ਦੇਵਤਿਆ ਦਰਿ ਨਾਲੇ ॥
ਗਾਵਹਿ ਸਿਧ ਸਮਾਧੀ ਅੰਦਰਿ ਗਾਵਨਿ ਸਾਧ ਵਿਚਾਰੇ ॥
ਗਵਾਨਿ ਜਤੀ ਸਤੀ ਸੰਤੋਖੀ ਗਾਵਹਿ ਵੀਰ ਕਰਾਰੇ । ।
ਗਾਵਨਿ ਪੰਡਿਤ ਪੜਨਿ ਰਖੀਸਰ ਜੁਗੁ ਜੁਗੁ ਵੇਦਾ ਨਾਲੇ ॥
ਗਾਵਹਿ ਮੋਹਣੀਆ ਮਨੁਮੋਹਨਿ ਸੁਰਗਾ ਮਛ ਪਇਆਲੇ ॥
ਗਾਵਨਿ ਰਤਨ ਉਪਾਏ ਤੇਰੇ ਅਠਸਠਿ ਤੀਰਥ ਨਾਲੇ ॥
ਗਾਵਹਿ ਜੋਧ ਮਹਾਬਲ ਸੂਰਾ ਗਾਵਹਿ ਖਾਣੀ ਚਾਰੇ ॥
ਗਾਵਹਿ ਖੰਡ ਮੰਡਲ ਵਰਭੰਡਾ ਕਰਿ ਕਰਿ ਰਖੇ ਧਾਰੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 6)

ਗਾਵਹਿ ਗੀਤੇ ਚੀਤਿ ਅਨੀਤੇ ॥ (ਸ੍ਰੀ ਗੁਰੁ ਗ੍ਰੰਥ ਸਾਹਿਬ ਪੰਨਾ 414)

ਮਾਈ ਜੋ ਪ੍ਰਭ ਕੇ ਗੁਨ ਗਾਵੈ ॥
ਸਫਲ ਆਇਆ ਜੀਵਨ ਫਲੁ ਤਾ ਕੋ ਪਾਰਬ੍ਰਹਮ ਲਿਵ ਲਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 531)

ਸਹਜੇ ਮਾਤਾ ਸਦਾ ਰੰਗਿ ਰਾਤਾ ਸਾਚੇ ਕੇ ਗੁਣ ਗਾਵੈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 634)

ਸਚੀ ਬਾਣੀ ਹਰਿ ਗੁਣ ਗਾਵੈ ਨਦਰੀ ਨਦਰਿ ਨਿਹਾਲੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 600)

ਗੁਰੂ ਅਮਰ ਦਾਸ ਜੀ ਨੇ ਆਪਣੀ ਪ੍ਰਸਿੱਧ ਬਾਣੀ ਅਨੰਦ ਸਾਹਿਬ ਵਿੱਚ ਗੁਰਬਾਣੀ ਗਾਉਣ ਲਈ ਆਦੇਸ਼ ਦਿੱਤੇ ਹਨ:

ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 920)

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 629)

ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਦੇ ਨਿਤਨੇਮ ਵਿੱਚ ਗੁਰਬਾਣੀ ਗਾਇਨ ਨੂੰ ਸ਼ਾਮਿਲ ਕੀਤਾ ਹੈ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ ॥

(ਗੁਰੂ ਗ੍ਰੰਥ ਸਾਹਿਬ, ਪੰਨਾ 305)

ਜੋ ਤੁਮਰਾ ਜਸੁ ਗਾਵਿਹ ਕਰਤੇ ਸੇ ਜਨ ਕਬਹੁ ਨ ਮਰਤੇ ਝੂਰਿ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 716)

ਕਹੁ ਨਾਨਕ ਸੋਈ ਨਰ ਸੁਖੀਆ ਰਾਮ ਨਾਮ ਗੁਨ ਗਾਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ,ਪੰਨਾ 831)

ਸਾ ਰਸਨਾ ਧੰਨ ਧੰਨ ਹੈ ਮੇਰੀ ਜਿੰਦੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)

ਹਰਿ ਜਨ ਰਾਮ ਨਾਮ ਗੁਨ ਗਾਵੈ ॥
ਜੇ ਕੋਈ ਨਿੰਦ ਕਰੇ ਹਰਿ ਜਨ ਕੀ ਅਪੁਨਾ ਗੁਨੁ ਨ ਗਵਾਵੈ ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 719-720)

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥
ਕੋਟਿ ਜਨਮ ਕੇ ਦੂਖ ਗਵਾਇਓ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 720)

ਸਾਧੋ ਗੋਬਿੰਦ ਕੇ ਗੁਨ ਗਾਵਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 219)

ਮਨ ਮਹਿ ਸਿੰਚਹੁ ਹਰਿ ਹਰਿ ਨਾਮ ॥
ਅਨ ਦਿਨੁ ਕੀਰਤਨੁ ਹਰਿ ਗੁਣ ਗਾਮ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 807)

**ਵਾਦਨ:**

ਗੁਰਬਾਣੀ ਵਿੱਚ ਪੰਜ ਪ੍ਰਕਾਰ ਦੇ ਸਾਜ਼ਾਂ ਦਾ ਜ਼ਿਕਰ ਕਈ ਥਾਂਵਾਂ ਤੇ ਆਇਆ ਹੈ:

ਪੰਚ ਸਬਦ ਧੁਨਿ ਅਨਹਦ ਵਾਜੇ ਹਮ ਘਰਿ ਸਾਜਨ ਆਏ ॥

( ਸ੍ਰੀ ਗੁਰੂ ਗ੍ਰੰਥ ਸਾਹਿਬ ਪਨੰਾ 764)

ਪੰਚ ਬਚਿਤ੍ਰ ਕਰੇ ਸੰਤੋਖਾ ਸਾਤ ਸੁਰਾ ਲੈ ਚਾਲੈ ॥ (ਸ੍ਰੀ ਗੁਰੂ ਗੰਥ ਸਾਹਿਬ ਪੰਨਾ 885)

ਇਸ ਦੇ ਨਾਲ ਵਾਦਨ ਕਰਨ ਦੀ ਕਿਰਿਆ ਦਾ ਜ਼ਿਕਰ ਵੀ ਗੁਰਬਾਣੀ ਵਿੱਚ ਆਮ ਉਪਲਬਧ ਹੈ :

ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 5)
ਵਾਜਾ ਮਤਿ ਪਖਾਵਜੁ ਭਾਉ ॥

ਪੈਰੀ ਵਾਜਾ ਸਦਾ ਨਿਹਾਲ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350)

ਕਿੰਕੁਰੀ ਅਨੂਪ ਵਾਜੈ॥ਜੋਗੀਆ ਮਤਵਾਰੋ ਰੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 886)

**ਨਰਿਤ:**

ਗੁਰਮਤਿ ਸੰਗੀਤ ਵਿੱਚ ਭਾਵੇਂ ਨਰਿੱਤ ਪ੍ਰਚਲਿਤ ਨਹੀਂ ਪਰ ਗੁਰਬਾਣੀ ਵਿੱਚ ਨਰਿਤ ਸ਼ਬਦ ਦਾ ਪ੍ਰਯੋਗ ਹੋਇਆ ਹੈ। ਪਰ ਇਹ ਇੱਕ ਵਿਸ਼ੇਸ਼ ਪ੍ਰਕਾਰ ਦਾ ਨਰਿਤ ਹੈ:

ਏਹਾ ਭਗਤਿ ਏਹੋ ਤਪ ਤਾਉ॥ਇਤੁ ਰੰਗਿ ਨਾਚਹੁ ਰਖਿ ਰਖਿ ਪਾਉ॥

ਪੂਰੇ ਤਾਲ ਜਾਵੈ ਸਾਲਾਹ॥ਹੋਰ ਨਚਣਾ ਖੁਸੀਆ ਮਨ ਮਾਹ॥ ॥ ਰਹਾਉ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 350)

ਗਾਇਨ, ਵਾਦਨ ਅਤੇ ਨਰਿੱਤ ਦੇ ਨਾਲ ਨਾਲ ਸੰਗੀਤ ਦੀ ਹੋਰ ਪਰਿਭਾਸ਼ਿਕ ਸ਼ਬਦਾਵਲੀ ਵੀ ਪ੍ਰਯੋਗ ਹੋਈ ਹੈ:

**ਨਾਦ:**

ਨਾਦ ਦੀ ਪਰਿਭਾਸ਼ਾ ਕਰਦਿਆਂ ਦੋ ਪ੍ਰਕਾਰ ਦੇ ਨਾਦ ਦਾ ਜ਼ਿਕਰ ਕੀਤਾ ਜਾਂਦਾ ਹੈ ਆਹਤ ਨਾਦ ਅਤੇ ਅਨਾਹਤ ਨਾਦ। ਆਹਤ ਨਾਦ ਲਈ ਕੇਵਲ ਨਾਦ ਸ਼ਬਦ ਪ੍ਰਯੋਗ ਕੀਤਾ ਗਿਆ ਹੈ:

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥ (ਗੁਰੂ ਗ੍ਰੰਥ ਸਾਹਿਬ ਪੰਨਾ 2)

ਨਾਦ ਹੇਤਿ ਸਿਰੁ ਡਾਰਿਓ ਕੁਰੰਕਾ ਉਸ ਹੀ ਹੇਤ ਬਿਦਾਰਾ॥ (ਗੁਰੂ ਗ੍ਰੰਥ ਸਾਹਿਬ ਪੰਨਾ 671)

ਨਾਦ ਕੁਰੰਕਹਿ ਬੇਧਿਆ ਸਨਮੁਖ ਉਝਿ ਧਾਵੈ॥ (ਗੁਰੂ ਗ੍ਰੰਥ ਸਾਹਿਬ ਪੰਨਾ 708)

ਨਾਦ ਭ੍ਰਮੇ ਜੈਸੇ ਮਿਰਗਾਏ॥ (ਗੁਰੂ ਗ੍ਰੰਥ ਸਾਹਿਬ ਪੰਨਾ 873)

ਸਭ ਨਾਦ ਵੇਦ ਗੁਰਬਾਣੀ। ਮਨ ਰਾਤਾ ਸਾਰਿੰਗ ਪਾਣੀ॥ (ਗੁਰੂ ਗ੍ਰੰਥ ਸਾਹਿਬ ਪੰਨਾ 879)

**ਅਨਾਹਤ ਨਾਦ:**

ਅਨਾਹਤ ਨਾਦ ਅਧਿਆਤਮਕ ਨਾਦ ਲਈ ਪ੍ਰਯੋਗ ਕੀਤਾ ਗਿਆ ਹੈ:

ਸੁੰਨ ਸਮਾਧਿ ਅਨਹਤ ਤਹ ਨਾਦ॥

ਕਹਨੁ ਨ ਜਾਈ ਅਚਰਜ ਬਿਸਮਾਦੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 293)

ਬਿਨਵੰਤਿ ਨਾਨਕ ਗੁਰਚਰਣ ਲਾਗੇ ਬਾਜੇ ਅਨਹਦ ਤੂਰੇ॥ (ਗੁਰੂ ਗ੍ਰੰਥ ਸਾਹਿਬ, ਪੰਨਾ 922)

**ਗੀਤ :**

ਉਹ ਛੰਦ ਜਾਂ ਕਾਵਿ ਰਚਨਾ ਜਿਸ ਨੂੰ ਗਾਇਆ ਜਾਵੇ ਉਸਨੂੰ ਗੀਤ ਕਿਹਾ ਜਾਂਦਾ ਹੈ। ਗੁਰਬਾਣੀ ਵਿੱਚ ਗੀਤ ਸ਼ਬਦ ਅਨੇਕ ਥਾਂਵਾਂ ਤੇ ਪ੍ਰਯੋਗ ਹੋਇਆ ਹੈ

ਗਾਵਹੁ ਗੀਤੁ ਨ ਬਿਰਹੜਾ ਨਾਨਕ ਬ੍ਰਹਮ ਬੀਚਾਰੋ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 581)

ਲੋਗੁ ਜਾਨੈ ਇਹੁ ਗੀਤੁ ਹੈ ਇਹੁ ਤਉ ਬ੍ਰਹਮ ਬੀਚਾਰ॥ (ਗੁਰੂ ਗ੍ਰੰਥ ਸਾਹਿਬ ਪੰਨਾ 335)

**ਕੀਰਤਨ:**

ਗੁਰਮਤਿ ਸੰਗੀਤ ਵਿੱਚ ਰਾਗ ਅਤੇ ਤਾਲ ਵਿੱਚ ਗੁਰਬਾਣੀ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ। ਕੀਰਤਨ ਸ਼ਬਦ ਦਾ ਪ੍ਰਯੋਗ ਕੀਰਤਨ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਅਨੇਕ ਵਾਰ ਹੋਇਆ ਹੈ: :

ਗੁਰਦੁਆਰੈ ਹਰਿ ਕੀਰਤਨੁ ਸੁਣੀਐ ॥ ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1018)

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕ ਕਹੈ ਸੁਨਿ ਰੇ ਮਨਾ ਕਰਿ ਕੀਰਤਨ ਹੋਇ ਉਧਾਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 214)

ਮਨ ਮਹਿ ਚਿਤਵਉ ਚਿਤਵਨੀ ਉਦਮੁ ਕਰਹੁ ਉਠ ਨੀਤ॥
ਹਰਿ ਕੀਰਤਨ ਕਾ ਆਹਰੋ ਹਰਿ ਦੇਹੁ ਨਾਨਕ ਕੇ ਮੀਤ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 519)

ਕਲਿਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

ਕੀਰਤਨੁ ਨਿਰਮੋਲਕ ਹੀਰਾ॥ ਆਨੰਦ ਗੁਣੀ ਗਹੀਰਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 893)
ਗ੍ਰਿਹਿ ਤਾ ਕੇ ਬਸੰਤੁ ਗਨੀ॥ ਜਾ ਕੇ ਕੀਰਤਨੁ ਹਰਿ ਧੁਨੀ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1180)
ਹਰਿ ਦਿਨੁ ਰੈਣਿ ਕੀਰਤਨੁ ਗਾਈਐ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 623)

**ਕੀਰਤਨਕਾਰ:**

ਜਿੱਥੇ ਬਾਣੀ ਦੇ ਕੀਰਤਨ ਦੀ ਇਤਨੀ ਮਹੱਤਤਾ ਦਰਸਾਈ ਹੈ ਉਥੇ ਕੀਰਤਨ ਕਰਨ ਵਾਲੇ ਦੀ ਮਹਿਮਾ ਵੀ ਕੋਈ ਘੱਟ ਬਿਆਨ ਨਹੀਂ ਕੀਤੀ ਗਈ :

ਭਲੋ ਭਲੋ ਰੇ ਕੀਰਤਨੀਆ॥ ਰਾਮ ਰਮਾ ਰਾਮਾ ਗੁਨ ਗਾਓ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 885)

ਜੋ ਜਨੁ ਕੀਰਤਨੁ ਕਰੈ ਗੋਪਾਲ॥ ਤਿਸ ਕਉ ਪੋਹਿ ਨ ਸਕੈ ਜਮ ਕਾਲੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 867)

ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾਕੀ ਦੁਰਮਤਿ ਨਾਸ॥
ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1300)

ਕੀਰਤਨ ਕਰਨ ਵਾਲੇ ਬਾਰੇ ਹੀ ਨਹੀਂ ਸਗੋਂ ਕੀਰਤਨ ਸੁਣਨ ਵਾਲੇ ਬਾਰੇ ਵੀ ਗੁਰਬਾਣੀ ਵਿਚ

ਮਹੱਤਵਪੂਰਨ ਕਥਨ ਕੀਤੇ ਗਏ ਹਨ:

ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 540)

ਗੁਰਦੁਆਰੈ ਹਰਿ ਕੀਰਤਨੁ ਸੁਣੀਐ॥ ਸਤਿਗੁਰ ਭੇਟਿ ਹਰਿ ਜਸੁ ਮੁਖਿ ਭਣੀਐ॥
ਕਲਿ ਕਲੇਸ ਮਿਟਾਏ ਸਤਿਗੁਰੁ ਹਰਿ ਦਰਗਹ ਦੇਵੈ ਮਾਨਾ ਹੇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1075)

**ਢਾਡੀ:**

ਗੁਰਮਤਿ ਸੰਗੀਤ ਵਿੱਚ ਜਿਥੇ ਕੀਰਤਨ ਕਰਨ ਵਾਲੇ ਨੂੰ ਕੀਰਤਨੀਆ ਕਿਹਾ ਗਿਆ ਹੈ ਉਥੇ ਪ੍ਰਭੂ ਦਾ ਜਸ ਗਾਇਨ ਕਰਨ ਵਾਲੇ ਲਈ ਢਾਢੀ ਸ਼ਬਦਾ ਦਾ ਪ੍ਰਯੋਗ ਵੀ ਹੋਇਆ ਹੈ। ਗੁਰੂ ਸਾਹਿਬਾਨ ਆਪਣੇ ਆਪ ਨੂੰ ਢਾਢੀ ਕਹਿਣਾ ਵਧੇਰੇ ਪਸੰਦ ਕਰਦੇ ਹਨ:

ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥
(ਗੁਰੂ ਗ੍ਰੰਥ ਸਾਹਿਬ, ਪੰਨਾ 150)

ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ ਖਾਲਕ ਕਉ ਆਦੇਸੁ ਢਾਢੀ ਗਾਵਣਾ॥
ਨਾਨਕ ਜੁਗ ਜੁਗੁ ਏਕੁ ਮੰਨਿ ਵਸਾਵਣਾ॥ (ਗੁਰੂ ਗ੍ਰੰਥ ਸਾਹਿਬ ਪੰਨਾ 148)
ਹਮ ਢਾਢੀ ਹਰਿ ਪ੍ਰਭ ਖਸਮ ਕੇ ਨਿਤ ਗਾਵਹ ਹਰਿ ਗੁਣ ਛੰਤਾ॥
ਹਰਿ ਕੀਰਤਨੁ ਕਰਹ ਹਰਿ ਜਸੁ ਸੁਣਹੁ ਤਿਸੁ ਕਵਲਾ ਕੰਤਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 650)

**ਰਾਗ:**

ਗੁਰਮਤਿ ਸੰਗੀਤ ਵਿੱਚ ਭਾਰਤੀ ਸੰਗੀਤ ਵਾਂਗ ਰਾਗ ਗਾਇਨ ਬੜਾ ਮਹੱਤਵ ਪੂਰਨ ਹੈ। ਰਾਗ ਦੇ ਕਿਰਿਆਤਮਕ ਪੱਖ ਤੋਂ ਵਿੱਚਾਰ ਬਾਦ ਵਿੱਚ ਕੀਤੀ ਜਾਵੇਗੀ ਪਰ ਗੁਰਬਾਣੀ ਵਿੱਚ ਵੀ ਰਾਗ ੪ਬਦ ਪ੍ਰਯੋਗ ਹੋਇਆ ਹੈ: ਗੁਰਬਾਣੀ ਵਿਚ ਉਹਨਾਂ ਰਾਗਾਂ ਨੂੰ ਭਲਾ ਕਿਹਾ ਗਿਆ ਹੈ ਜਿਸ ਨਾਲ ਬਾਣੀ ਦਾ ਭਾਵ ਹਿਰਦੇ ਵਿਚ ਵਸ ਜਾਵੇ :

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 1423)

ਇਸੇ ਤਰ੍ਹਾਂ ਉਹ ਰਾਗ ਵੀ ਧੰਨ ਗਿਣੇ ਗਏ ਹਨ ਜਿਹਨਾਂ ਨਾਲ ਮਨੁੱਖ ਦੀ ਤ੍ਰਿਸ਼ਨਾ ਬੁਝ ਜਾਂਦੀ ਹੈ :

ਧੰਨ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 958)
ਓਅੰਕਾਰਿ ਏਕ ਧੁਨਿ ਏਕੈ ਏਕੈ ਰਾਗੁ ਅਲਾਪੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 884)
ਗੁਣ ਗੋਬਿੰਦ ਗਾਵਹੁ ਸਭਿ ਹਰਿ ਜਨਿ ਰਾਗ ਰਤਨ ਰਸਨਾ ਅਲਾਪ॥ (ਗੁਰੂ ਗ੍ਰੰਥ ਸਾਹਿਬ, ਪੰਨਾ 821)
ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਿਜ ਧਿਆਨੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

ਗੁਰਬਾਣੀ ਵਿੱਚ ਰਾਗ ਸ਼ਬਦ ਸਧਾਰਨ ਰੂਪ ਵਿੱਚ ਪ੍ਰਯੁਕਤ ਹੋਇਆ ਹੈ ਉਥੇ ਕੁਝ ਰਾਗਾਂ ਬਾਰੇ ਵਿੱਚ ਕਥਨ ਵੀ ਕੀਤੇ ਗਏ ਹਨ:

**ਸ੍ਰੀ ਰਾਗ ਬਾਰੇ :**

ਰਾਗਾਂ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 83)

**ਗਉੜੀ ਰਾਗ ਬਾਰੇ :**

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ ॥
ਭਾਣੈ ਚਲੈ ਸਤਿਗੁਰੂ ਕੈ ਐਸਾ ਸੀਗਾਰੁ ਕਰੇਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 311)

**ਗੂਜਰੀ ਰਾਗ ਬਾਰੇ :**

ਗੂਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 516)

**ਵਡਹੰਸ ਰਾਗ ਬਾਰੇ :**

ਸਬਦਿ ਰਤੇ ਵਡਹੰਸ ਹੈ, ਸਚੁ ਨਾਮੁ ਉਰਿਧਾਰਿ ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 585)

**ਸੋਰਠ ਰਾਗ ਬਾਰੇ :**

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

**ਧਨਾਸਰੀ ਰਾਗ ਬਾਰੇ :**

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥
ਤਨੁ ਮਨੁ ਸਉਪੈ ਜੀਅ ਸਉ ਭਾਈ ਲੈਣ ਹੁਕਮਿ ਫਿਰਾਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1419)

**ਬਿਲਾਵਲ ਰਾਗ ਬਾਰੇ :**

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 849)

**ਰਾਮਕਲੀ ਰਾਗ ਬਾਰੇ :**

ਰਾਮਕਲੀ ਰਾਮੁ ਮਨਿ ਵਸਿਆ ਤਾਂ ਬਨਿਆ ਸੀਗਾਰ ॥
ਗੁਰ ਕੈ ਸਬਦਿ ਕਮਲੁ ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 950)

**ਮਾਰੂ ਰਾਗ ਬਾਰੇ :**

ਗੁਰ ਕੈ ਸਬਦਿ ਅਰਾਧੀਐ ਨਾਮਿ ਰੰਗ ਬੈਰਾਗੁ ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹ ਰਾਗ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1425)

**ਕੇਦਾਰਾ ਰਾਗ ਬਾਰੇ :**

ਕੇਦਾਰਾ ਰਾਗਾ ਵਿਚਿ ਜਾਣੀਐ ਭਾਈ ਸਬਦੇ ਕਰੇ ਪਿਆਰੁ ॥
ਸਤ ਸੰਗਤਿ ਸਿਉ ਮਿਲ ਦੋ ਸਚੇ ਧਰੇ ਪਿਆਰੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 1087)

**ਤਾਲ:**

ਲੈਅ ਦੀਆਂ ਵੱਖ ਮਾਤਰਾਵਾਂ ਅਨੁਸਾਰ ਤਿਆਰ ਕੀਤੀਆਂ ਰਚਨਾਵਾਂ ਨੂੰ ਤਾਲ ਕਿਹਾ ਜਾਂਦਾ ਹੈ। ਪੁਰਾਤਨ ਕਾਲ ਵਿੱਚ ਨੂੰ ਦਰਸਾਉਣ ਲਈ ਹੱਥ ਨਾਲ ਤਾਲੀਆਂ ਵਜਾਈਆਂ ਜਾਂਦੀਆਂ ਸਨ। ਦੱਖਣੀ ਭਾਰਤ ਵਿੱਚ ਅਜੇ ਵੀ ਇਹ ਰਿਵਾਜ ਪ੍ਰਚਲਤ ਹੈ। ਗੁਰਬਾਣੀ ਵਿੱਚ ਤਾਲ ਸ਼ਬਦ ਦਾ ਪ੍ਰਯੋਗ ਇਹ ਦਰਸਾਉਂਦਾ ਹੈ ਗੁਰੂ ਸਾਹਿਬ ਤਾਲ ਦੀਆਂ ਬਰੀਕੀਆਂ ਤੋਂ ਭਲੀ ਭਾਂਤ ਜਾਣੂ ਸਨ।

ਰੋਟੀਆਂ ਕਾਰਣ ਪੂਰਹਿ ਤਾਲ॥ ਗਿੜਿ ਮੁੜਿ ਪੂਰਹਿ ਤਾਲ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 464)

**ਕਿਰਿਆਤਮਕ ਪੱਖ:**

ਗੁਰਬਾਣੀ ਅੰਦਰ ਪ੍ਰਯੁਕਤ ਸੰਗੀਤ ਸੰਕੇਤਾਂ ਦੇ ਅਰਥ ਅਤੇ ਵਧੇਰੇ ਵਿਆਖਿਆ ਲਈ ਗੁਰਮਤਿ ਸੰਗੀਤ ਦੇ ਵਿਦਿਆਰਥੀ ਨੂੰ ਗੁਰਮਤਿ ਸੰਗੀਤ ਦੀ ਕਿਰਿਆਤਮਕ ਪੰਰਪਰਾ ਦਾ ਅਧਿਐਨ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਵੀ ਗੁਰਮਤਿ ਸੰਗੀਤ ਦੇ ਕਿਰਿਆਤਮਕ ਪੱਖ ਸੰਬੰਧੀ ਭਰਪੂਰ ਸੰਕੇਤ ਦਿੱਤੇ ਗਏ ਹਨ।

**ਰਾਗ:**

ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਰਾਗਾਂ ਦੇ ਅਨੁਸਾਰ ਕੀਤੀ ਗਈ ਹੈ। ਗੁਰਬਾਣੀ ਨੂੰ ਗਾਇਨ ਕਰਨ ਲਈ ਜਿਥੇ ਮੁਖ ਇਕੱਤੀ ਰਾਗ ਨਿਸਚਿਤ ਕੀਤੇ ਹਨ ਉਥੇ ਲੱਗਭਗ ਹੋਰ ਤੀਹ-ਇਕੱਤੀ ਮਿਸ਼ਰਤ/ਉਪ ਰਾਗਾਂ ਦਾ ਉਲੇਖ ਵੀ ਕੀਤਾ ਗਿਆ ਹੈ:

**ਮੁਖ ਰਾਗ:**

ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਦੇਵਗੰਧਾਰੀ, ਬਿਹਾਗੜਾ, ਵਡਹੰਸ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਬੈਰਾੜੀ, ਤਿਲੰਗ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਨਟਨਾਰਾਇਨ, ਮਾਲੀਗਉੜਾ, ਮਾਰੂ, ਤੁਖਾਰੀ, ਕੇਦਾਰਾ, ਭੈਰਉ, ਬਸੰਤ, ਸਾਰੰਗ, ਮਲਾਰ, ਕਾਨੜਾ, ਕਲਿਆਨ, ਪ੍ਰਭਾਤੀ, ਜੈਜਾਵੰਤੀ

**ਮਿਸ਼ਰਤ/ਉਪ ਰਾਗ**

ਗਉੜੀ ਗੁਆਰੇਰੀ, ਗਉੜੀ ਦਖਣੀ, ਗਉੜੀ ਚੇਤੀ, ਗਉੜੀ ਬੈਰਾਗਣਿ, ਗਉੜੀ ਪੂਰਬੀ ਦੀਪਕੀ, ਗਊੜੀ ਦੀਪਕੀ, ਗਉੜੀ ਮਾਝ, ਗਉੜੀ ਮਾਲਵਾ, ਗਉੜੀ ਮਾਲਾ, ਗਉੜੀ ਸੋਰਠਿ, ਆਸਾ ਕਾਫੀ, ਆਸਾਵਰੀ, ਆਸਾਵਰੀ ਸੁਧੰਗ, ਦੇਵਗੰਧਾਰ, ਵਡਹੰਸ ਦਖਣੀ, ਤਿਲੰਗ ਕਾਫੀ, ਸੂਹੀ ਕਾਫੀ, ਸੂਹੀ ਲਲਿਤ,

ਬਿਲਾਵਲੁ ਦਖਣੀ, ਬਿਲਾਵਲੁ ਮੰਗਲ, ਬਿਲਾਵਲ ਗੌਂਡ, ਰਾਮਕਲੀ ਦਖਣੀ, ਨਟ, ਮਾਰੂ ਕਾਫੀ, ਮਾਰੂ ਦਖਣੀ, ਬਸੰਤ ਹਿੰਡੋਲ, ਕਲਿਆਣ ਭੋਪਾਲੀ, ਪ੍ਰਭਾਤੀ ਬਿਭਾਸ, ਪ੍ਰਭਾਤੀ ਦਖਣੀ, ਬਿਭਾਸ ਪ੍ਰਭਾਤੀ

ਰਾਗਾਂ ਦੇ ਸਿਰਲੇਖਾਂ ਤੋਂ ਇਲਾਵਾ ਕੁਝ ਹੋਰ ਸੰਕੇਤ ਵੀ ਮਿਲਦੇ ਹਨ ਜਿਹੜੇ ਗਾਇਨ ਨਾਲ ਸਬੰਧਤ ਹਨ। ਇਹਨਾਂ ਸੰਕੇਤਾਂ ਵਿੱਚ ਘਰ ਸਿਰਲੇਖ ਪ੍ਰਮੁੱਖ ਹੈ। ਘਰ ਦੇ ਅਰਥ ਅਜੇ ਤਕ ਸੰਗੀਤ ਵਿਦਵਾਨਾਂ ਲਈ ਚੁਣੌਤੀ ਬਣੇ ਹੋਏ ਹਨ। ਕੋਈ ਇਸ ਦੇ ਅਰਥ ਤਾਲ ਕਰਦਾ ਹੈ ਅਤੇ ਕੋਈ ਇਸ ਨੂੰ ਸੁਰ ਨਾਲ ਸੰਬੰਧਤ ਕਰਦਾ ਹੈ। ਪਰ ਅਜੇ ਤਕ ਸਪਸ਼ਟ ਅਰਥ ਪ੍ਰਗਟ ਨਹੀਂ ਹੋ ਸਕੇ।

ਘਰ 1 ਤੋਂ 17 ਦਰਜ ਕੀਤੇ ਗਏ ਹਨ। ਮਹਾਨ ਕਸ਼ ਵਿੱਚ ਘਰ ਬਾਰੇ ਲਿਖਿਆ ਹੈ ਗੁਰਮਤ ਸੰਗੀਤ ਅਨੁਸਾਰ ਘਰ ਦੇ ਦੋ ਅਰਥ ਹਨ ਇੱਕ ਤਾਲ, ਦੂਜਾ ਸੁਰ ਅਤੇ ਮੂਰਛਨਾ ਦੇ ਭੇਦ ਕਰਕੇ ਇੱਕ ਹੀ ਰਾਗ ਦੇ ਸਰਗਮ ਪ੍ਰਸਾਰ ਅਨੁਸਾਰ ਗਾਓਣ ਦੇ ਪ੍ਰਕਾਰ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 1 ਤੋਂ 17 ਤੀਕ ਘਰ ਲਿਖੇ ਹਨ। ਇਸ ਤੋਂ ਗਵੈਯੇ ਨੂੰ ਸੂਚਨਾ ਹੈ ਕਿ ਇਸ ਸ਼ਬਦ ਨੂੰ ਇਸ ਰਾਗ ਦੇ ਇਤਨਵੇਂ ਨੰਬਰ ਦੇ ਸੁਰ ਅਨੁਸਾਰ ਗਾਓ।[1]

ਭਾਈ ਵੀਰ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼ ਵਿੱਚ ਲਿਖਦੇ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ਬਦਾਂ ਉਪਰ ਕਈ ਜਗਾ ਸੂਚਨਾ ਮਾਤ੍ਰ ਘਰ ਲਿਖਿਆ ਹੈ। ਇਸ ਮੁਰਾਦ ਗਾਏ ਜਾਣ ਵਾਲੇ ਰਾਗ ਦੀ ਪ੍ਰਧਾਨ ਸੁਰ ਦੀ ਸੰਖਯਾ ਦੱਸਣ ਤੋਂ ਹੈ। ਬਜਾਏ ਜਾਣ ਵਾਲੇ ਸਾਜ਼ਾਂ ਵਿੱਚ ਤਿੰਨ ਗ੍ਰਾਮ ਹੁੰਦੇ ਹਨ, ਗ੍ਰਾਮ(ਪਿੰਡ) ਘਰਾਂ ਤੋਂ ਬਣਦਾ ਹੈ,ਸੋ ਤਿੰਨਾਂ ਗ੍ਰਾਮਾਂ ਦੀਆਂ ਸੁਰਾਂ ਦੇ ਟਿਕਾਣੇ ਘਰ ਹਨ।

ਕਈ ਸਿਆਣੇ ਘਰ ਦਾ ਅਰਥ ਤਾਰ ਬੀ ਦੱਸਦੇ ਹਨ। ਕਈ ਤਾਲ ਵਿਚ ਕੋਈ ਟਿਕਾਣਾ ਦਸਦੇ ਹਨ। ਜਿਸ ਨੂੰ ਗ੍ਰਹਿ (ਘਰ) ਕਹਿੰਦੇ ਹਨ।[2]

ਪਰ ਘਰ ਦੇ ਅਰਥ ਕਿਰਿਆਤਮਕ ਪੱਖ ਤੋਂ ਸਪਸ਼ਟ ਨਹੀਂ ਹੋ ਰਹੇ। ਇਥੇ ਭਾਈ ਕਾਹਨ ਸਿੰਘ ਨਾਭਾ ਨੂੰ ਲਿਖਣਾ ਪਿਆ ਸ਼ੋਕ ਹੈ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦੱਸੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰਾਗਾਂ ਦੇ ਘਰ (ਸੁਰਪ੍ਰਕਾਰ) ਹੁਣ ਰਾਗੀ ਭੁਲਾ ਬੈਠੇ ਹਨ।[3]

ਘਰ ਬਾਰੇ ਕੁਝ ਹੋਰ ਸੰਕੇਤ ਵੀ ਹਨ:

ਯਾਨੜੀਏ ਕੇ ਘਰਿ ਗਾਵਣਾ ਇਆਨੜੀਏ ਮਾਨੜਾ ਕਾਇ ਕਰੇਹਿ ਜਿਸ ਧਾਰਨਾ ਵਿੱਚ ਇਹ ਸ਼ਬਦ ਗਾਇਆ ਜਾਂਦਾ ਹੈ, ਉਸੇ ਵਿੱਚ ਮੈ ਮਨਿ ਤੇਰੀ ਏਕ ਮੇਰੇ ਪਿਆਰੇ, (ਬਿਲਾਵਲ ਮ:5) ਸ਼ਬਦ ਗਾਉਣ ਦੀ ਹਦਾਇਤ ਹੈ।[4] ਏਕ ਸੁਆਨ ਕੈ ਘਰਿ ਗਾਵਣਾ ਜਿਸ ਸੁਰ ਪ੍ਰਸਾਰ ਦੇ ਨਿਯਮ ਅਨੁਸਾਰ ਸ੍ਰੀ ਰਾਗ ਦਾ ਸ਼ਬਦ ਏਕ ਸੁਆਨ ਦੁਇ ਸੁਆਨੀ ਨਾਲਿ ਗਾਈਦਾ ਹੈ, ਉਸੇ ਵਿੱਚ ਇਹ ਸ਼ਬਦ ਗਾਉਣ ਦੀ ਸਿਖਿਆ ਹੈ।[5]

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਘਰ ਇੱਕ ਮਹੱਤਵਪੂਰਨ ਸੰਕੇਤ ਹੈ ਇਸ ਸੰਬੰਧੀ ਖੋਜ ਕਰਨ ਦੀ ਵਿਸ਼ੇਸ਼ ਲੋੜ ਹੈ।

**ਗਾਇਨ ਸ਼ੈਲੀਆਂ:**

ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਰਚਨਾਵਾਂ ਉਪਰ ਜੋ ਸਿਰਲੇਖ ਹਨ ਉਹਨਾਂ ਨੂੰ ਆਮ ਤੌਰ ਤੇ

ਕਾਵਿ-ਰੂਪਾਂ ਦੇ ਸਿਰਲੇਖ ਸਮਝ ਕੇ ਉਹਨਾਂ ਦਾ ਅਧਿਐਨ ਕੀਤਾ ਜਾਂਦਾ ਹੈ। ਪਰ ਅਸਲ ਵਿੱਚ ਇਹ ਗਾਇਨ ਸ਼ੈਲੀਆਂ ਹਨ। ਇਹਨਾਂ ਰਚਨਾਵਾਂ ਨੂੰ ਗਾਇਨ ਕਰਨ ਦੀ ਵਿਸ਼ੇਸ਼ ਵਿਧੀ ਹੈ। ਅਸੀਂ ਇਥੇ ਕੇਵਲ ਪਦ ਗਾਇਨ ਦੀ ਚਰਚਾ ਕਰਦੇ ਹਾਂ।

ਪਦ ਕਾਵਿ ਰੂਪ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਪਦਿਆਂ ਦੇ ਰੂਪ ਤੋਂ ਵੀ ਇਹਨਾਂ ਦੇ ਗਾਇਨ ਕਰਨ ਦੇ ਸਪਸ਼ਟ ਸੰਕੇਤ ਮਿਲਦੇ ਹਨ। ਲਗਭਗ ਹਰ ਪਦੇ ਵਿੱਚ ਸਥਾਈ ਦੀ ਤੁਕ ਆਉਂਦੀ ਹੈ ਜਿਸ ਨੂੰ ॥ ਰਹਾਉ॥ ਕਿਹਾ ਜਾਂਦਾ ਹੈ। ਕਾਹਨ ਸਿੰਘ ਨਾਭਾ ਅਨੁਸਾਰ ॥ਰਹਾਉ॥ ਦੇ ਅਰਥ ਹਨ, "ਟੇਕ, ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ।"[6] ਕਈ ਪਦਿਆਂ ਵਿੱਚ ਇੱਕ ਤੋਂ ਵਧੇਰੇ ॥ਰਹਾਉ॥ ਦੀਆਂ ਤੁਕਾਂ ਵੀ ਆਉਂਦੀਆਂ ਹਨ ਪਰ ਇਹਨਾਂ ਦੀ ਗਿਣਤੀ ਪਦੇ ਦੇ ਬਾਕੀ ਬੰਦਾਂ ਵਿੱਚ ਨਹੀਂ ਹੁੰਦੀ। ਜਿਵੇਂ ਹੇਠ ਲਿਖਿਆ ਪਦਾ ॥ ਚਉਪਦਾ ॥ ਹੈ ਭਾਵ ਇਸ ਦੇ ਚਾਰ ਬੰਦ ਹਨ ਅਤੇ ਦੋ ਬੰਦ ॥ਰਹਾਉ॥ ਦੇ ਆਏ ਹਨ ਪਰ ਇਸ ਪਦੇ ਦੇ ਬੰਦਾਂ ਦੀ ਗਿਣਤੀ ਦਾ ਸੰਕੇਤ ੪ ਹੀ ਦਿੱਤਾ ਗਿਆ ਹੈ

**ਮਹਲਾ 5 ਰਾਗ ਗਉੜੀ ਗੁਆਰੇਰੀ ਚਉਪਦੇ**

ਕਿਨੀ ਬਿਧਿ ਕੁਸਲੁ ਹੋਤ ਮੇਰੇ ਭਾਈ ॥ ਕਿਉ ਪਾਈਐ ਹਰਿ ਰਾਮ ਸਹਾਈ ॥ ॥ ਰਹਾਉ ॥
ਕੁਸਲੁ ਨ ਗ੍ਰਿਹਿ ਮੇਰੀ ਸਭ ਮਾਇਆ ॥ ਊਚੇ ਮੰਦਰ ਸੁੰਦਰ ਛਾਇਆ ॥
ਝੂਠੇ ਲਾਲਚਿ ਜਨਮੁ ਗਵਾਇਆ ॥ ਹਸਤੀ ਘੋੜੇ ਦੇਖਿ ਵਿਗਾਸਾ ॥
ਲਸਕਰ ਜੋੜੇ ਨੇਬ ਖਵਾਸਾ ॥ ਗਲਿ ਜੇਵੜੀ ਹਉਮੈ ਕੇ ਫਾਸਾ ॥ 2 ॥
ਰਾਜੁ ਕਮਾਵੈ ਦਹਦਿਸ ਸਾਰੀ ॥
ਮਾਣੈ ਰੰਗ ਭੋਗ ਬਹੁ ਨਾਰੀ ॥ ਜਿਉ ਨਰਪਤਿ ਸੁਪਨੈ ਭੇਖਾਰੀ ॥ 3 ॥
ਏਕੁ ਕੁਸਲੁ ਮੋਕਉ ਸਤਿਗੁਰੂ ਬਤਾਇਆ ॥
ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ ॥ ਜਨ ਨਾਨਕ ਹਉਮੈ ਮਾਰਿ ਸਮਾਇਆ ॥ 4 ॥
ਇਨਿ ਬਿਧਿ ਕੁਸਲ ਹੋਤ ਮੇਰੇ ਭਾਈ ॥
ਇਉ ਪਾਈਐ ਹਰਿ ਰਾਮ ਸਹਾਈ ॥ 2 ॥ ਰਹਾਉ ਦੂਜਾ । ।

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 175)

॥ਰਹਾਉ॥ ਦਾ ਪਦ ਵੱਖਰਾ ਆਉਣ ਕਰਕੇ ਕਈ ਵਿਦਵਾਨਾਂ ਨੇ ਇਹਨਾਂ ਪਦਿਆਂ ਨੂੰ ॥ਧਰੁਪਦ॥ ਗਾਇਨਸ਼ੈਲੀ ਦੇ ਅੰਤਰਗਤ ਰਖਿਆ ਹੈ। ਡਾ. ਨਜ਼ੀਰ ਮੁਹੰਮਦ[7] ਭਗਤ ਕਬੀਰ ਦੇ ਪਦਿਆਂ ਦਾ ਵਿਸ਼ਲੇਸ਼ਣ ਕਰਦਿਆਂ ਦਸਦੇ ਹਨ ਕਿ ॥ਰਹਾਉ॥ ਦਾ ਅਰਥ ਧਰੁਵ ਹੈ। ਇਸ ਤਰ੍ਹਾਂ ਇਹਨਾਂ ਨੂੰ ਧਰੁਪਦ ਵੀ ਕਿਹਾ ਜਾ ਸਕਦਾ ਹੈ। ਭਾਰਤੀ ਸੰਗੀਤ ਕੋਸ਼ ਵਿੱਚ ਧਰੁਪਦ ਬਾਰੇ ਲਿਖਿਆ ਹੈ, 'ਧਰੁਵ ਦਾ ਅਰਥ ਹੈ ਅਚੱਲ ਜਾਂ ਦੇਰ ਤਕ ਰਹਿਣ ਵਾਲਾ ਹੈ ਇਹਨਾਂ ਅਰਥਾਂ ਅਨੁਸਾਰ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਗਾਇਨ ਕਰਨ ਵਾਲੇ ਪਦਿਆਂ ਨੂੰ ਧਰੁਪਦ ਕਿਹਾ ਜਾਂਦਾ ਹੈ।[8] ਇਸ ਤਰ੍ਹਾਂ ਗੁਰੂ ਕਾਵਿ ਵਿੱਚ ਪ੍ਰਯੁਕਤ ਪਦ ਕਾਵਿ ਰੂਪ

ਧਰੁਪਦ ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਧਰੁਪਦ ਗਾਇਨ ਸ਼ੈਲੀ ਦਾ ਵਰਨਣ ਕਰਦਿਆਂ ਅਚਾਰੀਆਂ ਭਾਤਖੰਡੇ ਲਿਖਦੇ ਹਨ, 'ਧਰੁਪਦ ਦੇ ਆਮ ਤੌਰ ਤੇ ਚਾਰ ਭਾਗ ਹੁੰਦੇ ਹਨ ਜਿਹਨਾਂ ਨੂੰ ਗਾਇਕ ਤੁਕ ਕਹਿੰਦੇ ਹਨ। ਉਹਨਾਂ ਭਾਗਾਂ ਦੇ ਨਾਮ ਸਥਾਈ, ਅੰਤਰਾ, ਸੰਚਾਰੀ ਤੇ ਆਭੋਗ ਹਨ। ਇਹਨਾਂ ਭਾਗਾਂ ਵਿੱਚ ਕਿੰਨੇ ਬੰਦ ਰੱਖੇ ਜਾਣ ਇਹ ਗਾਇਕ ਦੀ ਇੱਛਾ ਤੇ ਨਿਰਭਰ ਕਰਦਾ ਹੈ।[9] ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗੁਰਬਾਣੀ ਦੇ ਚਾਰ ਬੰਦਾਂ ਵਾਲੇ ਪਦੇ ਧਰੁਪਦ ਗਾਇਨਸ਼ੈਲੀ ਅਨੁਸਾਰ ਗਾਏ ਜਾ ਸਕਦੇ ਹਨ।

ਪਦ ਕਾਵਿ ਰੂਪ ਵਿੱਚ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵਧ ਪ੍ਰਯੋਗ ਕੀਤਾ ਗਿਆ ਹੈ। ਇਸ ਤੋਂ ਅਸੀਂ ਇਹ ਅੰਦਾਜ਼ਾ ਲਾ ਸਕਦੇ ਹਾਂ ਕਿ ਇਸ ਕਾਵਿ ਰੂਪ ਦਾ ਸੰਗਠਨ ਅਜਿਹਾ ਹੈ ਜਿਸ ਨੂੰ ਕਈ ਰਾਗਾਂ ਵਿੱਚ ਗਾਇਆ ਜਾ ਸਕਦਾ ਹੈ। ਇਸ ਤਰ੍ਹਾਂ ਪਦ ਕਾਵਿ ਰੂਪ ਇੱਕ ਗਾਇਨ ਸ਼ੈਲੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਪ੍ਰਯੁਕਤ ਹੋਰ ਕਾਵਿ ਰੂਪ ਵਾਰ, ਪੜਤਾਲ, ਛੰਤ, ਅਲਾਹੁਣੀਆਂ, ਘੋੜੀਆਂ, ਅੰਜੁਲੀ ਮੁੰਦਾਵਣੀ ਆਦਿ ਵੀ ਇਸੇ ਤਰ੍ਹਾਂ ਗਾਇਨ ਸ਼ੈਲੀਆਂ ਹਨ ਅਤੇ ਇਹਨਾਂ ਦਾ ਸੰਗੀਤਕ ਸ਼ੈਲੀਆਂ ਵਜੋਂ ਅਧਿਐਨ ਕਰਨ ਦੀ ਲੋੜ ਹੈ।

### ਕੀਰਤਨਕਾਰ

ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰ ਕੇਵਲ ਅਧਿਆਤਮਕ ਕਵੀ ਹੀ ਨਹੀਂ ਸਨ ਸਗੋਂ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦੇ ਗਾਇਕ ਅਰਥਾਤ ਕੀਰਤਨਕਾਰ ਵੀ ਸਨ। ਜਦੋਂ ਉਹ ਆਪਣੀ ਵਿੱਚ ਗਾਇਨ ਦੀ ਕੀਰਤਨ ਦੀ ਇਤਨੀ ਮਹੱਤਤਾ ਦਸਦੇ ਹਨ। ਗੁਰਬਾਣੀ ਨੂੰ ਗਾਇਨ ਕਰਨ ਹਿਤ ਸਪੱਸ਼ਟ ਨਿਰਦਸ਼ ਦਿੰਦੇ ਹਨ ਤਾਂ ਜ਼ਾਹਿਰ ਹੈ ਕਿ ਉਹ ਇਸ ਦਾ ਰਾਗਾਤਮਕ ਕੀਰਤਨ ਵੀ ਕਰਦੇ ਸਨ । ਇਸ ਤੱਥ ਦੀ ਪ੍ਰੋੜਤਾ ਲਈ ਭਾਵੇਂ ਸਾਰੇ ਬਾਣੀਕਾਰਾਂ ਬਾਰੇ ਅਧਿਐਨ ਕੀਤਾ ਜਾ ਸਕਦਾ ਹੈ ਪਰ ਇੱਥੇ ਅਸੀਂ ਕੇਵਲ ਗੁਰੂ ਰਾਮ ਦਾਸ ਜੀ ਦੇ ਸੰਬੰਧ ਵਿੱਚ ਅਧਿਐਨ ਕਰ ਰਹੇ ਹਾਂ।

### ਗੁਰੂ ਰਾਮ ਦਾਸ ਜੀ

ਗੁਰੂ ਰਾਮਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਅਧਿਐਨ ਕਰਦਿਆਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਆਪ ਬਾਣੀਕਾਰ ਹੋਣ ਦੇ ਨਾਲ ਇੱਕ ਮਹਾਨ ਸੰਗੀਤਕਾਰ ਵੀ ਸਨ। ਆਪ ਆਪਣੇ ਆਪ ਨੂੰ ॥ ਢਾਢੀ ॥[22] ਕਹਿ ਕੇ ਇਸ ਤੱਥ ਵੱਲ ਸੰਕੇਤ ਕਰਦੇ ਹਨ:ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੇ ਦਰਿ ਆਇਆ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 91)

ਆਪ ਨੇ ਆਪਣੀ ਬਾਣੀ ਵਿੱਚ ਰਾਗਾਂ ਦੀ ਗਿਣਤੀ 19 ਤੋਂ 30 ਕਰ ਦਿੱਤੀ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰ ਦਾਸ ਜੀ ਨਾਲੋਂ ਵੱਧ 11 ਨਵੇਂ ਰਾਗਾਂ ਵਿਚ ਬਾਣੀ ਰਚਨਾ ਆਪਣੇ ਆਪ ਵਿਚ ਇਕ ਵਿਸ਼ੇਸ਼ਤਾ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅਮਰਦਾਸ ਜੀ ਨੇ ਆਪਣੀ ਬਾਣੀ ਸਿਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪ੍ਰਭਾਤੀ ਰਾਗਾਂ ਵਿਚ ਰਚੀ। ਗੁਰੂ ਰਾਮ ਦਾਸ ਜੀ ਨੇ ਉਪਰੋਕਤ

ਤੋਂ ਬਿਨਾਂ ਹੇਠ ਲਿਖੇ ਨਵੇਂ ਰਾਗਾਂ ਨੂੰ ਆਪਣੀ ਬਾਣੀ ਦੀ ਅਭਿਵਿਅਕਤੀ ਲਈ ਮਾਧਿਅਮ ਦੇ ਰੂਪ ਵਿਚ ਪ੍ਰਯੋਗ ਕੀਤਾ।

ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੌਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਣ। ਆਪ ਨੇ ਆਪਣੀ ਕਾਵਿ ਰਚਨਾ ਵਿਚ ਲੋਕ ਕਾਵਿ, ਰੂਪਾਂ ਨੂੰ ਅਪਣਾਉਂਦਿਆਂ ਵਣਜਾਰਾ, ਕਰਹਲੇ, ਘੋੜੀਆਂ ਤੇ ਲਾਵਾਂ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕੀਤਾ। ਆਪ ਗੁਰ ਸਿੱਖ ਦੇ ਨਿਤਨੇਮ ਵਿਚ ਗੁਰਬਾਣੀ ਦਾ ਗਾਇਨ ਕਰਨਾ ਜਰੂਰੀ ਸਮਝਦੇ ਸਨ :

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮ ਧਿਆਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305)

ਉਪਰੋਕਤ ਚਰਚਾ ਤੋਂ ਸਪਸ਼ਟ ਹੈ ਕਿ ਗੁਰੂ ਰਾਮ ਦਾਸ ਜੀ ਬਾਣੀਕਾਰ ਹੋਣ ਦੇ ਨਾਲ ਨਾਲ ਉੱਚ ਕੋਟੀ ਦੇ ਕੀਰਤਨਕਾਰ ਵੀ ਸਨ।

ਨਿਸਚੇ ਹੀ ਗੁਰੂ ਗ੍ਰੰਥ ਸਾਹਿਬ ਸੰਗੀਤ ਦਾ ਆਧਾਰ ਹੈ ਅਤੇ ਗੁਰਮਤਿ ਸੰਗੀਤ ਦਾ ਪ੍ਰਮਾਣਿਕ ਸਰੋਤ ਹੈ। ਇਸ ਵਿੱਚੋਂ ਗੁਰਮਤਿ ਸੰਗੀਤ ਦੇ ਸਿਧਾਂਤਕ ਅਤੇ ਕਿਰਿਆਤਮਕ ਪੱਖ ਬਾਰੇ ਅਧਿਐਨ ਕਰਕੇ ਸੰਗੀਤ ਦੇ ਗੁਝੇ ਰਹੱਸਾਂ ਨੂੰ ਜਾਣਿਆ ਸਕਦਾ ਹੈ।

1. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 441
2. ਭਾਈ ਵੀਰ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼, ਪੰਨਾ 234
3. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 441
4. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 1008
5. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 130
6. ਭਾਈ ਕਾਹਨ ਸਿੰਘ ਨਾਭਾ, ਮਹਾਨ ਕੋਸ਼, ਪੰਨਾ 1014
7. ਡਾ. ਨਜ਼ੀਰ ਮੁਹੰਮਦ, ਕਬੀਰ ਕੇ ਕਾਵਯ ਰੂਪ, ਪੰਨਾ 65
8. ਡਾ. ਵਿਮਲਾਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰਨਾ 70
9. ਵਿਸ਼ਨੂ ਨਾਰਾਇਣ ਭਾਤਖੰਡੇ, ਸੰਗੀਤ ਸ਼ਾਸਤਰ, ਪੰਨਾ 52



## ਵੀਰਵਾਰ

ਵੀਰਵਾਰ ਚੜ੍ਹਿਆ ਵੀਰ ਮਿਲ ਬੈਠੇ,
ਪਿਤਰੀ ਕੰਮ ਨੂੰ ਆਪੂੰ ਸੰਭਾਲ
ਲੀਤਾ ।
ਬਲਬ ਜਗਦੇ ਪਏ ਨੇ ਕਿਸਮਤਾਂ ਦੇ,
ਰੋਸ਼ਨ ਟਿਊਬਾਂ ਦੇ ਨਾਲ
ਕਮਾਲ ਕੀਤਾ ।
ਇਹ ਬਰਕਤਾਂ ਸਭ ਮਿਲਾਪ ਦੀਆਂ,
ਹੱਥ ਫੜ ਲਿਆ ਤਾਹੀਉਂ
ਦਿਆਲ ਕੀਤਾ ।
ਅਗੋਂ ਆਈਆਂ ਹੋਰ ਪਰਾਈਆਂ ਨੇ,
ਪਿਆਰ ਬਾਟੇ ਵਿਚ ਮਿਠੱੜਾ
ਡਾਲ ਲੀਤਾ ।
ਹੁਣ ਰਲ ਕੇ ਖੁਸ਼ੀਆਂ ਮਾਣਦੇ ਹੋ,

## वीरवार

वीरवार चढ़िआ वीर मिल बैठे,
पितरी कम नू आपूं
संभाल लीता ।
बल्ब जगदे पए ने किसमतां दे,
रोशन टियूबां दे नाल
कमाल कीता ।
इह बरकतां सभ मिलाप दियां,
हत्थ फड़ लिया ताहीयों
दयाल कीता ।
अग्गो आईयां होर पराईयां नी,
प्यार बाटे विच मिठड़ा
डाल लीता ।
हुण रलके खुशियां माणदे हो,

ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

RNI Regd. No. 46788/89 ISSN 0972-2335

## ਸੁਰਲਿਪੀ ਵਾਲਾ ਸ਼ਬਦ ਅਤੇ ਅਰਥ

ਨਟਨਾਰਾਇਨ ਮਹਲਾ ੫ ਦੁਪਦੇ

Natt Naaraaein Mehalaa 5 Dhupadhae

Nat Narain. 5th Guru Dupadas.

ੴ ਸਤਿਗੁਰ ਪ੍ਰਸਾਦਿ ॥

Ik Oankaar Sathigur Prasaadh ||

There is but One God. By the True Guru's grace, He is obtained.

ਉਲਾਹਨੋ ਮੈ ਕਾਹੂ ਨ ਦੀਓ ॥

Oulaahano Mai Kaahoo N Dheeou ||

I accuse not any one.

ਮਨ ਮੀਠ ਤੁਹਾਰੋ ਕੀਓ ॥੧॥ ਰਹਾਉ ॥

Man Meeth Thuhaaro Keeou ||1|| Rehaao ||

All that Thou does, O Lord, is sweet unto my mind. Pause.

ਆਗਿਆ ਮਾਨਿ ਜਾਨਿ ਸੁਖੁ ਪਾਇਆ ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥

Aagiaa Maan Jaan Sukh Paaeiaa Sun Sun Naam Thuhaaro Jeeou ||

Understanding and obeying Thy order, O Lord, I obtain peace and I live by continually hearing Thy Name.

ਈਹਾਂ ਊਹਾ ਹਰਿ ਤੁਮ ਹੀ ਤੁਮ ਹੀ ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥੧॥

Eehaan Oohaa Har Thum Hee Thum Hee Eihu Gur Thae Manthra Dhrirreeou ||1||

The Guru has implanted this instruction unto me, that here and hereafter, O Lord, it is Thou, Thou alone who art.

ਜਬ ਤੇ ਜਾਨਿ ਪਾਈ ਏਹ ਬਾਤਾ ਤਬ ਕੁਸਲ ਖੇਮ ਸਭ ਥੀਓ ॥

Jab Thae Jaan Paaee Eaeh Baathaa Thab Kusal Khaem Sabh Thheeou ||

From the time, I have realised this thing; since then I am blessed with all peace and pleasure.

ਸਾਧਸੰਗਿ ਨਾਨਕ ਪਰਗਾਸਿਓ ਆਨ ਨਾਹੀ ਰੇ ਬੀਓ ॥੨॥੧॥੨॥

Saadhhasang Naanak Paragaasiou Aan Naahee Rae Beeou ||2||1||2||

In the society of saints, the Lord has become manifest unto Nanak and now he sees not any other.

ਬਾਣੀ ਗੁਰੂ ਅਰਜਨ ਦੇਵ ਜੀ (**ਰਾਗੁ ਨਟ ਨਰਾਇਣ**) **(ਅੰਗ 978)**